
FARM AND SPICE
Open 7 Days a Week
8.30 am to 9.00 pm
SPECIAL OFFERS : 19 - 25 Aug
Daily Specials on
ਨਿੰਬੂ
Organic Lemon
69¢ each
ਪੱਤਾ ਗੋਭੀ
Cabbage
99¢ /lb
ਕਲਰਡ ਪੇਪਰ
Coloured Peper
99¢ /lb
ਪੁਦੀਨਾ
Mint
99¢ each
ਟਮਾਟਰ
Tomato
99¢ /lb
ਖਰਬੂਜਾ
Cantaloupe
$2.49 each
ਸੇਬ ਗਾਲਾ
Apple Gala
$1.29 /lb
ਅੰਗੂਰ (ਇੰਡਿਅਨ)
Indian Green Grapes
$2.99 /lb
ਆੜੂ
Peaches Yellow
$2.49 /lb
ਬਦਾਮ
Almonds
Premium Quality
$4.99 /lb
ਗੁੜ ਤੇ ਸ਼ਕਰ
Haryana King
Pesi Gur & Shakkar
1kg
$3.99 each
ਹੀਰ ਵੇਸਣ
Heer Besan
4lb
$3.99 each
ਹੈਲੋ ਜੀ ਰੱਸ
Hello ji
Saunf Elaichi & Milk Rusk
600g
$3.99 each
ਵੇਰਕਾ ਪੱਫ
Verka
Assorted Khari Puff
350g
$4.99 each
Big announcement about Aplus from India
4lb
$3.99 each
ਸੌਰਭੀ ਐਸਾਰਟਿਡ ਆਟਾ
Saurbhi/ Flour
Makki Atta/Besan
ਬਾਸਮਤੀ ਚਾਵਲ
India at Home
Basmati Rice
8lb
$7.99 each
ਮਖਾਣਾ
Crispeez
flavoured makhana assorted
70g
$4.79 each
ਹੀਰ ਕਣਕ ਆਟਾ
Heer
Chakki Atta
20lb
$11.99 each
ਹੀਰ ਚਪਾਤੀ ਆਟਾ
Heer
Whole Grain Atta
20lb
$11.99 each
PUNJABI FLAVOURED KULFI ALSO AVAILABLE
DHALIWAL BAKERY ITEMS AVAILABLE NOW
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last
Curbside pick up available


Okanagan Sikh Temple & Cultural Society and Kelowna Community
ਖੇਡ ਮੇਲਾ
Annual
Sport Tournament 2022
& Cultural Activities
Parkinson Rec. Centre
& Apple Bowl
August 20 & 21 (Sat & Sun)
FINISH
TRACK & FIELD
(Boy & Girls Under 8, 12, 16)
Mens & Womens Open
Contact: Tejinder Singh
250.899.6781
SOCCER
(Boy & Girls Under 12, 16)
Mens & Womens Open
Contact Paramjit Patara
250.717.7844
TUG of WAR (OPEN)
Contact Manjit Basra
250.470.9899
KABBADI (OPEN)
Contact Kinda Kandola
250.317.2879
*Deadline for all entries August 10, 2022
OUR SPONSORS
freshii
Canco
Pita Pit
NEW PUNJAB
SUNSET RANCH
GOLF & COUNTRY CLUB
KELOWNA BC
SUBWAY
Dawett
VEERJI
FISH 'n' GRILL
Garcha Bros
KARA ROSART
Good Brothers Pizza
BALZOR SINGH
Mortgage Specialist
FARMING
Karma
FRUIT CO.
MarshallCabinets
ROYAL FRUIT PACKERS INC
R & B CONSTRUCTION
BARLEY MILL
Brew Pub
FOREVER FRUIT CO.
KELOWNA CABS
LAKEVIEW HOMES
ANDY SANDHU
ROYAL LEPAGE
JOHAL BROTHERS
CITY TOWING
SUN CITY CHERRIES
SOEI
AUTO REPAIR LTD.
Samra Construction
Royal Star
Apni Rasoi
FOR GENERAL INQUIRIES PARAMJIT PATARA 250.717.7844

# ਨਿਊਯਾਰਕ 'ਚ ਉੱਘੇ ਲੇਖਕ ਸਲਮਾਨ ਰਸ਼ਦੀ 'ਤੇ ਜਾਨਲੇਵਾ ਹਮਲਾ:ਹਮਲਾਵਰ ਗ੍ਰਿਫ਼ਤਾਰ



ਨਿਊਯਾਰਕ:-ਉੱਘੇ ਲੇਖਕ ਸਲਮਾਨ ਰਸ਼ਦੀ 'ਤੇ ਉਸ ਸਮੇਂ ਜਾਨਲੇਵਾ ਹਮਲਾ ਕੀਤਾ ਗਿਆ ਜਦੋਂ ਉਹ ਪੱਛਮੀ ਨਿਊਯਾਰਕ ਵਿੱਚ ਭਾਸ਼ਣ ਦੇਣ ਵਾਲੇ ਸਨ। ਰਸ਼ਦੀ ਨੂੰ ਉਸ ਦੀਆਂ ਲਿਖਤਾਂ ਕਾਰਨ 1980ਵਿਆਂ ਵਿੱਚ ਇਰਾਨ ਤੋਂ ਮੌਤ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਹਨ। ਚਸ਼ਮਦੀਦਾਂ ਅਨੁਸਾਰ ਸ਼ੁਤਾਕੁਵਾ ਇੰਸਟੀਚਿਊਟ 'ਚ ਕਰਵਾਏ ਜਾ ਰਹੇ ਸਮਾਗਮ ਦੌਰਾਨ ਇੱਕ ਵਿਅਕਤੀ ਅਚਾਨਕ ਸਟੇਜ 'ਤੇ ਚੜ੍ਹਿਆ ਅਤੇ ਉਸ ਨੇ ਰਸ਼ਦੀ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਹਮਲਾਵਰ ਨੇ ਰਸ਼ਦੀ ਨੂੰ ਮੁੱਕੇ ਵੀ ਮਾਰੇ। ਇਸ ਹਮਲੇ ਕਾਰਨ ਰਸ਼ਦੀ ਫਰਸ਼ 'ਦੇ ਡਿੱਗ ਪਏ। ਹਮਲਾਵਰ ਨੂੰ ਕਾਬੂ ਕਰਕੇ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

# ਬੀ.ਸੀ. ਦੇ ਪੰਜਾਬੀ ਰੇਡਿਓ ਸਟੇਸ਼ਨ ਦਾ ਹੋਸਟ ਪਾਲ ਬਰਾੜ ਮੁਅੱਤਲ



ਸਰੀ: ਨਿਊਯਾਰਕ ਵਿੱਚ ਆਪਣੇ ਪਤੀ 'ਤੇ ਕੁੱਟਮਾਰ ਤੇ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ ਲਾ ਕੇ ਖੁਦਕੁਸ਼ੀ ਕਰਨ ਵਾਲੀ ਮਨਦੀਪ ਕੌਰ ਦਾ ਮਾਮਲਾ ਇਨ੍ਹਾਂ ਦਿਨੀਂ ਪੂਰੀ ਸੁਰਖੀਆਂ ਵਿੱਚ ਬਣਿਆ ਹੋਇਆ ਹੈ। ਇਸ ਮਾਮਲੇ ਵਿੱਚ ਭਾਰਤ ਤੋਂ ਲੈ ਕੇ ਅਮਰੀਕਾ, ਕੈਨੇਡਾ ਸਣੇ ਦੁਨੀਆ ਭਰ ਵਿੱਚ ਜਿੱਥੇ-ਜਿੱਥੇ ਪੰਜਾਬੀ ਵਸਦੇ ਨੇ ਉਨ੍ਹਾਂ ਵੱਲੋਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਨੇ, ਪਰ ਕੈਨੇਡਾ ਵਿੱਚ ਬੀ.ਸੀ. ਦੇ ਪੰਜਾਬੀ ਰੇਡਿਓ ਸਟੇਸ਼ਨ ਦੇ ਹੋਸਟ ਪਾਲ ਬਰਾੜ ਨੂੰ ਇਸ ਮਾਮਲੇ ਵਿੱਚ ਟਿੱਪਣੀਆਂ ਕਰਨੀਆਂ ਮਹਿੰਗੀਆਂ ਪੈ ਗਈਆਂ, ਜਿਨ੍ਹਾਂ ਕਾਰਨ ਰੇਡਿਓ ਸਟੇਸ਼ਨ ਨੇ ਬਰਾੜ ਨੂੰ ਮੁਅੱਤਲ ਕਰ ਦਿੱਤਾ।

# ਤੇਲੰਗਾਨਾ:ਭਾਜਪਾ ਅਤੇ ਟੀਆਰ ਐਸ ਦੇ ਵਰਕਰਾਂ ਵਿਚਕਾਰ ਝੜਪ

ਹੈਦਰਾਬਾਦ— ਤੇਲੰਗਾਨਾ ਦੇ ਜੈਂਗਓਂ ਜ਼ਿਲੇ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸੂਬਾ ਇਕਾਈ ਦੇ ਮੁਖੀ ਬੰਦੀ ਸੰਜੇ ਕੁਮਾਰ ਦੀ ਕੱਢੀ ਜਾ ਰਹੀ 'ਪਦਯਾਤਰਾ' ਦੌਰਾਨ ਸੂਬੇ ਦੀ ਸੱਤਾਧਾਰੀ ਟੀਆਰਐਸ ਅਤੇ ਭਾਜਪਾ ਦੇ ਵਰਕਰਾਂ ਵਿਚਾਲੇ ਝੜਪ 'ਚ ਦੋ ਲੋਕ ਜ਼ਖਮੀ ਹੋ ਗਏ ਹਨ। ਪੁਲਿਸ ਨੇ ਦੱਸਿਆ ਕਿ ਦੇਵਰੂਪਲਾ ਵਿੱਚ ਝੜਪ ਦੌਰਾਨ ਪਥਰਾਅ ਵੀ ਹੋਇਆ, ਜਿਸ ਵਿੱਚ ਦੋ ਵਿਅਕਤੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ। ਦੋਵੇਂ ਧਿਰਾਂ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਸਕਦੀਆਂ ਹਨ। ਕੁਮਾਰ ਨੇ ਘਟਨਾ ਤੋਂ ਬਾਅਦ 'ਪਦਯਾਤਰਾ' ਮੁੜ ਸ਼ੁਰੂ ਕਰ ਦਿੱਤੀ ਅਤੇ ਦੋਸ਼ ਲਾਇਆ ਕਿ 'ਟੀਆਰਐਸ ਦੇ ਗੁੰਡਿਆਂ' ਵੱਲੋਂ ਪੱਥਰਬਾਜ਼ੀ ਕੀਤੀ ਗਈ, ਜਿਸ ਵਿੱਚ ਦੋ ਭਾਜਪਾ ਵਰਕਰ ਜ਼ਖ਼ਮੀ ਹੋ ਗਏ। ਕੇਸੀਆਰ ਨੇ ਕੇਂਦਰ 'ਤੇ ਤੇਲੰਗਾਨਾ ਨਾਲ 'ਭੇਦਭਾਵ' ਦਾ ਦੋਸ਼ ਲਾਇਆ ਉਨ੍ਹਾਂ ਨੇ ਟਵੀਟ ਕੀਤਾ, ''ਆਜ਼ਾਦੀ ਦਿਵਸ 'ਤੇ ਦੇਵਰੂਪਪਾਲਾ 'ਚ ਪ੍ਰਜਾ ਸੰਗਰਾਮ ਯਾਤਰਾ ਦੌਰਾਨ ਟੀ.ਆਰ.ਐੱਸ. ਦੇ ਗੁੰਡਿਆਂ ਨੇ ਪਥਰਾਅ ਕੀਤਾ, ਜਿਸ ਨਾਲ ਭਾਜਪਾ ਦੇ ਦੋ ਵਰਕਰ ਜ਼ਖਮੀ ਹੋ ਗਏ। ਕੁਮਾਰ ਨੇ ਕਿਹਾ ਕਿ ਉਨ੍ਹਾਂ ਨੇ ਡੀਜੀਪੀ ਐਮਐਮ ਰੈਡੀ ਨਾਲ ਗੱਲ ਕੀਤੀ ਹੈ ਅਤੇ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ।


**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



**Charlesworth insurance services ltd.**

Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

autoplan

"For Fast, Friendly and Reliable Service!"



Phone: 604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



www.accuraterailing.com

**Accurate Railing & AWNING LTD**



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਊ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey



**KOHALY PRINTING**

Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com

Wedding Cards
ਵਿਆਹ ਦੇ ਕਾਰਡ



Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਇਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਕੈਨੇਡਾ ਤੋਂ ਭਾਰਤ ਲਿਆਇਆ ਜਾਵੇਗਾ ਹਰਦੀਪ ਸਿੰਘ ਨਿੱਝਰ ਪੰਜਾਬ ਪੁਲਿਸ ਨੇ ਸ਼ੁਰੂ ਕੀਤੀ ਹਵਾਲਗੀ ਦੀ ਪਹਿਲ



ਚੰਡੀਗੜ੍ਹ: ਪੰਜਾਬ ਪੁਲਿਸ ਕੈਨੇਡਾ ਵਿਚ ਬੈਠੇ ਹਰਦੀਪ ਸਿੰਘ ਨਿੱਝਰ ਨੂੰ ਭਾਰਤ ਲਿਆਉਣ ਦੀ ਤਿਆਰੀ ਵਿਚ ਲੱਗ ਗਈ ਹੈ। ਨਿੱਝਰ ਦੀ ਹਵਾਲਗੀ ਦੇ ਲਈ ਕੈਨੇਡਾ ਪੁਲਿਸ ਨਾਲ ਸੂਬਾ ਪੁਲਿਸ ਨੇ ਸੰਪਰਕ ਕਰਕੇ ਕੇਟੀਐਫ ਦੇ ਮੁਖੀ ਹਰਦੀਪ ਸਿੰਘ ਨਿੱਝਰ ਦੀ ਹਵਾਲਗੀ ਦੀ ਮੰਗ ਕੀਤੀ ਹੈ।

ਕੇਂਦਰ ਸਰਕਾਰ ਇੱਕ ਜੁਲਾਈ 2020 ਨੂੰ ਨਿੱਝਰ ਨੂੰ ਅੱਤਵਾਦੀ ਐਲਾਨ ਕਰ ਚੁੱਕੀ ਹੈ।

ਹਾਲ ਹੀ ਵਿਚ ਐਨਆਈਏ ਜੁਲਾਈ ਵਿਚ ਨਿੱਝਰ ’ਤੇ 10 ਲੱਖ ਰੁਪਏ ਦਾ ਇਨਾਮ ਐਲਾਨ ਕਰ ਚੁੱਕੀ ਹੈ। ਪੰਜਾਬ ਪੁਲਿਸ ਵਲੋਂ ਨਿੱਝਰ ਨੂੰ ਲੈ ਕੇ ਹੁਣ ਤੱਕ ਜੁਟਾਈ ਗਈ ਜਾਣਕਾਰੀ ਦੇ ਅਨੁਸਾਰ ਉਹ ਜਗਤਾਰ ਸਿੰਘ ਤਾਰਾ ਦਾ ਕਾਫੀ ਸਹਿਯੋਗੀ ਰਹਿ ਚੁੱਕਾ ਹੈ। ਉਹ ਤਾਰਾ ਨੂੰ ਮਿਲਣ ਲਈ ਅਪ੍ਰੈਲ 2012 ਵਿਚ ਪਾਕਿਸਤਾਨ ਜਾ ਚੁੱਕਾ ਹੈ।ਪੁਲਿਸਨੇ ਦੋਸ਼ ਲਾਇਆ ਕਿ ਨਿੱਝਰ ਨੇ 2020 ਵਿਚ ਮੋਗਾ ਦੇ ਗੈਂਗਸਟਰ ਅਰਸ਼ਦੀਪ ਸਿੰਘ ਡੱਲਾ ਦੇ ਨਾਲ ਮਿਲ ਕੇ ਪੰਜਾਬ ਵਿਚ ਚਾਰ ਮੈਂਬਰੀ ਕੇਟੀਐਫ ਮਾਡਿਊਲ ਖੜ੍ਹਾ ਕੀਤਾ ਸੀ।

# ਭਾਜਪਾ ਨੇ ਦੇਸ਼ ਦੀ ਵੰਡ ਲਈ ਨਹਿਰੂ ਨੂੰ ਜ਼ਿੰਮੇਵਾਰ ਠਹਿਰਾਇਆ

ਨਵੀਂ ਦਿੱਲੀ:ਭਾਰਤ ਦੇ ਦੂਜੇ ਵੰਡ ਯਾਦਗਾਰੀ ਦਿਵਸ ਦੇ ਮੌਕੇ ’ਤੇ ਭਾਜਪਾ ਨੇ ਸੱਤ ਮਿੰਟ ਦੀ ਵੀਡੀਓ ਜਾਰੀ ਕਰਕੇ ਭਾਰਤ ਦੀ ਵੰਡ ਲਈ ਜਵਾਹਰ ਲਾਲ ਨਹਿਰੂ ਨੂੰ ਕੋਸਿਆ ਹੈ।ਇਸ ਨੇ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਵਾਲੀ ਮੁਸਲਿਮ ਲੀਗ ਦੀ ਪਾਕਿਸਤਾਨ ਬਣਾਉਣ ਦੀ ਮੰਗ ਦੇ ਅੱਗੇ ਨਹਿਰੂ ਨੂੰ ਝੁਕਣ ਲਈ ਜ਼ਿੰਮੇਵਾਰ ਠਹਿਰਾਇਆ ਹੈ।

ਇਸ ਵੀਡੀਓ ’ਤੇ ਪਲਟਵਾਰ ਕਰਦਿਆਂ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ 14 ਅਗਸਤ ਨੂੰ ਵੰਡ ਯਾਦਗਾਰੀ ਦਿਵਸ ਵਜੋਂ ਮਨਾਉਣ ਪਿੱਛੇ ਪ੍ਰਧਾਨ ਮੰਤਰੀ ਦੀ ਅਸਲ ਮਨਸ਼ਾ ਸਭ ਤੋਂ ਦਰਦਨਾਕ ਇਤਿਹਾਸਕ ਘਟਨਾਵਾਂ ਨੂੰ ਆਪਣੇ ਸਿਆਸੀ ਲਾਭ ਲਈ ਵਰਤਣਾ ਹੈ।ਉਨ੍ਹਾਂ ਕਿਹਾ ਦੇਸ਼ ਨੂੰ ਵੰਡਣ ਲਈ ਅਧੁਨਿਕ ਦੌਰ ਦੇ ਸਾਵਰਕਰ ਤੇ ਜਿਨਾਹ ਦੇ ਜਤਨ ਅੱਜ ਵੀ ਜਾਰੀ ਹਨ।

ਪਿਛਲੇ ਸਾਲ 14 ਅਗਸਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨਿਆ ਸੀ ਕਿ 1947 ਵਿਚ ਵੰਡ ਦੌਰਾਨ ਭਾਰਤੀਆਂ ਦੇ ਕਸ਼ਟਾਂ ਤੇ ਬਲਿਦਾਨਾਂ ਦੀ ਦੇਸ਼ ਨੂੰ ਯਾਦ ਦਿਵਾਉਣ ਲਈ ਹਰ ਸਾਲ 14 ਅਗਸਤ ਨੂੰ ‘ਵੰਡ ਯਾਦਗਾਰੀ ਦਿਵਸ’ ਵਜੋਂ ਮਨਾਇਆ ਜਾਵੇਗਾ। ਮੋਦੀ ਨੇ ਸਵੇਰੇ 1947 ’ਚ ਦੇਸ਼ ਦੀ ਵੰਡ ਦੌਰਾਨ ਜਾਨਾਂ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਇਤਿਹਾਸ ਦੇ ਉਸ ਦੁਖਦਾਈ ਦੌਰ ਦੇ ਪੀੜਤਾਂ ਦੇ ਸਬਰ ਤੇ ਸਹਿਣਸੀਲਤਾ ਦੀ ਸ਼ਲਾਘਾ ਕੀਤੀ।


BHARTI ART JEWELLERS

WORLD CLASS IMPORTS OF GOLD AND DIAMOND JEWELLERY

ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ

USA ਕਸਟਮਰਜ਼ ਲਈ ਸਪੈਸ਼ਲ ਰੇਟ

42nd Anniversary Celebration



New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com


# ਬ੍ਰਿਟਿਸ਼ ਕੋਲੰਬੀਆ ਦੀਆਂ ਸਕੂਲ ਟਰੱਸਟੀ ਚੋਣਾਂ ‘ਚ ਨਿੱਤਰੀਆਂ 5 ਪੰਜਾਬਣਾਂ



ਐਬਟਸਫੋਰਡ(ਗੁਰਦੀਪ ਸਿੰਘ ਗਰੇਵਾਲ)-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ 15 ਅਕਤੂਬਰ ਨੂੰ ਹੋ ਰਹੀਆਂ ਸਕੂਲ ਟਰੱਸਟੀ ਚੋਣਾਂ ‘ਚ ਭਾਵੇਂ ਅਜੇ 2 ਮਹੀਨੇ ਰਹਿੰਦੇ ਹਨ, ਪਰ ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਵਲੋਂ ਹੁਣ ਤੋਂ ਹੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ ਤੇ ਚੋਣ ਮੈਦਾਨ ਭਖਾ ਦਿੱਤਾ ਗਿਆ ਹੈ।ਸੂਬੇ ਦੇ ਵੱਖ-ਵੱਖ ਸ਼ਹਿਰਾਂ ‘ਚੋਂ ਹੁਣ ਤੱਕ 5 ਪੰਜਾਬਣਾਂ ਵਲੋਂ ਸਕੂਲ ਟਰੱਸਟੀ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕੀਤਾ ਗਿਆ ਹੈ।ਕਵਾਂਟਲਿਨ ਪੌਲਟੈਕ-ਨਿਕ ਯੂਨੀਵਰਸਿਟੀ ਵਿਖੇ ਪ੍ਰੋਫੈਸਰ ਡਾ. ਬਲਵੀਰ ਕੌਰ ਗੁਰਮ ਅਤੇ ਉੱਘੀ ਸਮਾਜ ਸੇਵਿਕਾ ਤੇ ਅਕਾਲ ਅਕੈਡਮੀ ਦੀ ਡਾਇਰੈਕਟਰ ਦਪਿੰਦਰ ਕੌਰ ਸਰਾਂ ਸਰੀ ਤੋਂ ਸਕੂਲ ਟਰੱਸਟੀ ਉਮੀਦਵਾਰ ਹਨ।ਬਾਇਓਟੈੱਕ ਦੇ ਖ਼ੇਤਰ ‘ਚ ਖੋਜੀ ਸਾਇੰਸਦਾਨ ਦੀਆਂ ਸੇਵਾਵਾਂ ਨਿਭਾ ਰਹੀ ਡਾ. ਅਮੀਨ ਢਿੱਲੋਂ ਅਤੇ ਉੱਘੀ ਰੇਡੀਓ ਹੋਸਟ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਖੇਤੀਬਾੜੀ ਤੇ ਬਾਗ਼ਬਾਨੀ ਵਿਸ਼ੇ ‘ਚ ਮਾਸਟਰ ਡਿਗਰੀ ਹਾਸਲ ਨਿੰਮੀ ਡੌਲਾ ਡੈਲਟਾ ਤੋਂ ਸਕੂਲ ਟਰੱਸਟੀ ਉਮੀਦਵਾਰ ਵਜੋਂ ਚੋਣ ਮੈਦਾਨ ‘ਚ ਨਿੱਤਰੀਆਂ ਹਨ। ਰੁਪਿੰਦਰ ਕੌਰ ਰੂਪੀ ਰਾਜਵਾਨ ਐਬਟਸਫੋਰਡ ਤੋਂ ਸਕੂਲ ਟਰੱਸਟੀ ਉਮੀਦਵਾਰ ਵਜੋਂ ਪਹਿਲੀ ਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ। ਕੈਨੇਡਾ ਦੇ ਸਾਬਕਾ ਕੇਂਦਰੀ ਮੰਤਰੀ ਹਰਬੰਸ ਸਿੰਘ ਹਰਬ ਧਾਲੀਵਾਲ ਦੀ ਭੈਣ ਸਰਗੀ ਚੀਮਾ ਨੇ ਸਰੀ ਤੋਂ ਕੌਂਸਲਰ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕੀਤਾ ਹੈ।


BADH Accounting Services

26 YEARS EXPERIENCE IN ACCOUNTING

* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms

604-325-8370
Fax: 604-325-6654



# 1393 - 20800 - WESTMINSTER HWY, RICHMOND, BC

Jasbir Singh Badh



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜ਼ਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਜ਼ਨਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
ICCRC CRCIC



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਸਿੱਖ ਜਥੇਬੰਦੀਆਂ ਵੱਲੋਂ ਖ਼ਾਲਸਈ ਨਿਸ਼ਾਨ ਸਾਹਿਬ ਮਾਰਚ

ਅੰਮ੍ਰਿਤਸਰ:ਵੱਖ ਵੱਖ ਸਿੱਖ ਜਥੇਬੰਦੀਆਂ ਵੱਲੋਂ ਘਰ ਘਰ ਤਿਰੰਗਾ ਮੁਹਿੰਮ ਨੂੰ ਰੱਦ ਕਰਦਿਆਂ ਆਜ਼ਾਦੀ ਦਿਵਸ ਤੋਂ ਇਕ ਦਿਨ ਪਹਿਲਾਂ ਅੱਜ ਇੱਥੇ ਸ਼ਹਿਰ ਵਿੱਚ ਮੋਟਰਸਾਈਕਲਾਂ 'ਤੇ ਖ਼ਾਲਸਾਈ ਝੰਡੇ ਲਾ ਕੇ ਖ਼ਾਲਸਈ ਨਿਸ਼ਾਨ ਸਾਹਿਬ ਮਾਰਚ ਕੱਢਿਆ। ਇਹ ਮਾਰਚ ਅੰਮ੍ਰਿਤਸਰ ਬਾਈਪਾਸ ਤੋਂ ਗੋਲਡਨ ਗੇਟ ਕੋਲੋਂ ਸ੍ਰੀ ਅਕਾਲ ਤਖ਼ਤ ਤੱਕ ਕੱਢਿਆ ਗਿਆ। ਇਸ ਮਾਰਚ ਵਿੱਚ ਸ਼ਾਮਲ ਸਿੱਖ ਜਥੇਬੰਦੀਆਂ ਵਿੱਚ ਸਿੱਖ ਯੂਥ ਫੈੱਡਰੇਸ਼ਨ ਭਿੰਡਰਾਂਵਾਲਾ, ਜਥਾ ਸਿਰਲੱਥ ਖਾਲਸਾ, ਹਵਾਰਾ ਕਮੇਟੀ ਦਲ ਖ਼ਾਲਸਾ ਅਤੇ ਮਾਨ ਦਲ ਦੇ ਕਾਰਕੁਨ ਸ਼ਾਮਲ ਸਨ ਜਿਨ੍ਹਾਂ ਨੇ ਮੋਟਰਸਾਈਕਲਾਂ 'ਤੇ ਖ਼ਾਲਸਾਈ ਝੰਡੇ ਲਾਏ ਹੋਏ ਸਨ ਅਤੇ ਨਾਅਰੇਬਾਜ਼ੀ ਕੀਤੀ ਗਈ। ਮਾਰਚ ਦੀ ਅਗਵਾਈ ਕਰ ਰਹੇ ਸਿੱਖ ਆਗੂਆਂ ਵਿੱਚ ਰਣਜੀਤ ਸਿੰਘ ਦਮਦਮੀ ਟਕਸਾਲ, ਦਿਲਬਾਗ ਸਿੰਘ ਸੁਲਤਾਨਵਿੰਡ, ਬਲਵੰਤ ਸਿੰਘ ਗੋਪਾਲਾ, ਭੁਪਿੰਦਰ ਸਿੰਘ, ਲਹਿਣਾ ਸਿੰਘ, ਪ੍ਰੋਫੈਸਰ ਬਲਜਿੰਦਰ ਸਿੰਘ, ਕੰਵਰਪਾਲ ਸਿੰਘ ਅਤੇ ਪ੍ਰਿਤਪਾਲ ਸਿੰਘ ਆਦਿ ਸ਼ਾਮਲ ਸਨ। ਸਿੱਖ ਆਗੂਆਂ ਨੇ ਆਪਣੇ ਸੰਬੋਧਨ ਦੌਰਾਨ ਲੋਕਾਂ ਨੂੰ ਆਖਿਆ ਕਿ ਖਾਸ ਕਰਕੇ ਸਿੱਖ ਆਪਣੇ ਘਰਾਂ, ਦੁਕਾਨਾਂ ਅਤੇ ਕਾਰੋਬਾਰ ਅਦਾਰਿਆਂ ਆਦਿ 'ਤੇ ਖ਼ਾਲਸਾਈ ਝੰਡੇ ਲਾਉਣ ਅਤੇ ਕੌਮੀ ਘਰ ਦੀ ਪ੍ਰਾਪਤੀ ਲਈ ਅਰਦਾਸ ਕਰਨ। ਉਨ੍ਹਾਂ ਆਖਿਆ ਕਿ ਸਿੱਖ ਬੰਦੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਪਰ ਫਿਰ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਦੋਸ਼ ਲਾਇਆ ਕਿ ਤਿਰੰਗੇ ਦੇ ਬਹਾਨੇ ਹਿੰਦੂਤਵ ਥੋਪਣ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਦੇਸ਼ ਦੀ ਆਜ਼ਾਦੀ ਵੇਲੇ ਸਿੱਖਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਗਏ ਅਤੇ ਅੱਜ ਵੀ ਸਿੱਖਾਂ ਨਾਲ ਵਿਤਕਰੇ ਵਾਲਾ ਵਤੀਰਾ ਜਾਰੀ ਹੈ। ਜਲੰਧਰ ਵਿਚ ਵੀ ਅਜਿਹੇ ਹੀ ਮਾਰਚ ਕੱਢੇ ਗਏ ਹਨ। ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਬਿੱਟੂ ਨੇ ਮੋਗਾ ਮਾਰਚ ਦੌਰਾਨ ਗੱਲਬਾਤ ਦੌਰਾਨ ਕਿਹਾ ਕਿ ਭਾਰਤ ਦੀ ਮੌਜੂਦਾ ਸਰਕਾਰ ਧੱਕੇ ਨਾਲ ਸਾਡੇ ਘਰਾਂ ਵਿਚ ਰਾਸ਼ਟਰਵਾਦ ਵਾੜ ਰਹੀ ਹੈ। ਉਨ੍ਹਾਂ ਕਿਹਾ ਕਿ ਜਿਵੇਂ ਤਿਰੰਗਾ ਭਾਰਤ ਦੀ ਪ੍ਰਭੂਸੱਤਾ ਦਾ ਪ੍ਰਤੀਕ ਹੈ ਉਵੇਂ ਕਿ ਕੇਸਰੀ ਨਿਸ਼ਾਨ ਸਿੱਖਾਂ ਦਾ ਅਜ਼ਾਦ ਹਸਤੀ ਦਾ ਪ੍ਰਤੀਕ ਹੈ। ਵੱਡੀ ਗਿਣਤੀ ਵਿੱਚ ਇਨ੍ਹਾਂ ਸੰਗਠਨਾਂ ਦੇ ਵਰਕਰਾਂ ਨੇ ਮੋਗਾ ਸ਼ਹਿਰ 'ਚ ਰੋਸ ਮਾਰਚ ਕੀਤਾ। ਸੰਗਠਨਾਂ ਦੇ ਆਗੂਆਂ ਨੇ ਇਸ ਮਾਰਚ ਦੇ ਮਕਸਦ ਬਾਰੇ ਦੱਸਿਆ। ਇਸ ਮਾਰਚਾਂ ਦੀ ਖਾਸ ਗੱਲ ਇਹ ਸੀ ਕਿ ਇਸ ਵਿਚ ਮੁਸਲਿਮ ਅਤੇ ਦਲਿਤ ਭਾਈਚਾਰਿਆਂ ਦੇ ਕੁਝ ਨੁੰਮਾਇਦਿਆਂ ਨੇ ਵੀ ਸ਼ਮੂਲੀਅਤ ਕੀਤੀ।



## (ਮੁੱਖ ਪੰਨੇ ਦੀ ਬਾਕੀ)

ਜਾਣ ਦਾ ਉਪਰਾਲਾ ਕੀਤਾ ਗਿਆ। ਸੰਨ 1986 ਵਿਚ ਕੈਨੇਡਾ ਦੀ ਧਰਤੀ 'ਤੇ ਸਥਾਪਤ ਕੀਤੀ ਗਈ ਖਾਲਸਾ ਕਰੈਡਿਟ ਯੂਨੀਅਨ ਵੱਲੋਂ ਪਿਛਲੇ ਸਾਢੇ ਤਿੰਨ ਦਹਾਕਿਆਂ ਵਿੱਚ ਕਈ ਮਿਲੀਅਨ ਡਾਲਰ ਅਜਿਹੇ ਕਾਰਜਾਂ 'ਤੇ ਲਾ ਕੇ ਨੌਜਵਾਨ ਪੀੜ੍ਹੀ ਨੂੰ ਸਿੱਖ ਧਰਮ, ਵਿੱਦਿਆ ਅਤੇ ਸਪੋਰਟਸ ਵੱਲ ਪ੍ਰੇਰਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਮਨੁੱਖੀ ਹੱਕਾਂ ਦੇ ਕਾਰਜਾਂ ਵਿੱਚ "ਇਨਸਾਫ਼" ਵਰਗੀਆਂ ਸੰਸਥਾਵਾਂ ਨੂੰ ਫੰਡ ਦੇ ਕੇ, ਪੰਜਾਬ ਦੀ ਧਰਤੀ 'ਤੇ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਕਰ ਰਹੇ ਲੋਕਾਂ ਲਈ, 'ਹਾਅ ਦਾ ਨਾਅਰਾ' ਵੀ ਮਾਰਿਆ ਜਾਂਦਾ ਹੈ। ਰੌਇਲ ਕਿੰਗ ਪੈਲੇਸ ਸਰੀ 'ਚ ਇਸ ਵਰ੍ਹੇ ਦੇ ਬਹੁਤ ਪ੍ਰਭਾਵਸ਼ਾਲੀ ਸਮਾਗਮ ਵਿਚ ਸਭ ਤੋਂ ਪਹਿਲਾਂ ਸਿੱਖੀ ਵਿਰਸੇ ਨੂੰ ਸਮਰਪਿਤ ਬੱਚਿਆਂ ਨੇ ਰਾਗਾਂ 'ਚ ਕੀਰਤਨ ਕੀਤਾ ਅਤੇ ਫੇਰ ਬੁਲਾਰਿਆਂ ਨੇ ਖਾਲਸਾ ਕਰੈਡਿਟ ਯੂਨੀਅਨ ਦੇ ਇਤਿਹਾਸ 'ਤੇ ਚਾਨਣਾ ਪਾਇਆ। ਸੋਲ਼ਾਂ ਹਜ਼ਾਰ ਤੋਂ ਵੱਧ ਮੈਂਬਰਾਂ ਵਾਲੀ ਇਸ ਸੰਸਥਾ ਦੇ ਬਾਨੀ ਮੈਂਬਰਾਂ ਵੱਲੋਂ, ਹੋਣਹਾਰ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ, ਜੋ ਕਿ ਸ਼ਲਾਘਾਯੋਗ ਕਦਮ ਹੈ। ਮਾਣ ਵਾਲੀ ਗੱਲ ਹੈ ਕਿ ਸਤਿਗੁਰੂ ਦੀ ਬਖਸ਼ਿਸ਼ ਨਾਲ ਸਪੁੱਤਰ ਗੁਰਮਤਿ ਸਿੰਘ ਅਤੇ ਰਹਿਮਤ ਸਿੰਘ ਉਨ੍ਹਾਂ ਹੋਣਹਾਰ ਬੱਚਿਆਂ ਵਿੱਚ ਸ਼ਾਮਲ ਹਨ, ਜਿਨ੍ਹਾਂ ਨੇ ਇਸ ਵਰ੍ਹੇ ਖਾਲਸਾ ਕਰੈਡਿਟ ਯੂਨੀਅਨ ਦੇ ਮੰਚ ਤੋਂ ਸਕਾਲਰਸ਼ਿਪ ਜਿੱਤੇ ਹਨ। ਵੱਡੀ ਗੱਲ ਇਹ ਹੈ ਕਿ ਸਟੇਜ 'ਤੇ ਸ਼ਾਬਾਸ਼ ਮਿਲਣੀ, ਭਵਿੱਖ ਲਈ ਵੱਧ ਚੜ੍ਹ ਕੇ, ਉਤਸ਼ਾਹ ਨਾਲ ਅੱਗੇ ਵਧਣ ਲਈ ਪ੍ਰੇਰਨਾ ਹੁੰਦੀ ਹੈ।

ਖਾਲਸਾ ਕਰੈਡਿਟ ਯੂਨੀਅਨ ਦੀ ਸਮੁੱਚੀ ਟੀਮ, ਮੈਂਬਰਾਂ ਅਤੇ ਪ੍ਰਬੰਧਕ ਸਹਿਬਾਨ ਦਾ ਅਜਿਹੇ ਸ਼ਾਨਦਾਰ ਉੱਦਮ ਲਈ ਤਹਿ ਦਿਲੋਂ ਧੰਨਵਾਦ ਹੈ। ਦਿਲ ਦੀਆਂ ਗਹਿਰਾਈਆਂ ਤੋਂ ਮੁਬਾਰਕਾਂ ਉਨ੍ਹਾਂ ਸਾਰੇ ਹੀ ਹੋਣਹਾਰ ਬੱਚਿਆਂ ਨੂੰ, ਜਿਨ੍ਹਾਂ ਵੱਖ-ਵੱਖ ਖੇਤਰਾਂ ਵਿੱਚ ਸਕਾਲਰਸ਼ਿਪ ਹਾਸਲ ਕੀਤੇ। ਉਸ ਤੋਂ ਵੀ ਵੱਧ ਵਧਾਈ ਦੇ ਪਾਤਰ ਹਨ ਉਨ੍ਹਾਂ ਦੇ ਮਾਪੇ, ਜਿਨ੍ਹਾਂ ਨੇ ਬੱਚਿਆਂ ਲਈ ਸਮਾਂ ਦਿੱਤਾ ਅਤੇ ਉਨ੍ਹਾਂ ਨੂੰ ਇਸ ਯੋਗ ਬਣਾਇਆ ਕਿ ਉਹ ਇਹ ਪੁਲਾਂਘਾ ਪੁੱਟ ਸਕਣ।

ਕਾਮਯਾਬੀ ਦੀਆਂ ਬੁਲੰਦੀਆਂ ਨੂੰ ਛੂਹ ਰਹੇ ਸਕਾਲਰਸ਼ਿਪ ਜਿੱਤਣ ਵਾਲੇ ਨੌਜਵਾਨਾਂ ਨੂੰ, ਵੈਨਕੂਵਰ ਦੀ ਧਰਤੀ 'ਤੇ ਇਨ੍ਹੀਂ ਦਿਨੀਂ ਆਏ ਪਾਕਿਸਤਾਨੀ ਪੰਜਾਬ ਦੇ ਪ੍ਰਸਿੱਧ ਪੰਜਾਬੀ ਕਵੀ ਬਾਬਾ ਨਜਮੀ ਦੇ ਬੋਲਾਂ ਨਾਲ ਹੱਲਾਸ਼ੇਰੀ ਦੇ ਰਹੇ ਹਾਂ:-

ਬੇਹਿੰਮਤੇ ਨੇ ਜਿਹੜੇ ਬਹਿਕੇ ਸ਼ਿਕਵਾ ਕਰਨ ਮੁਕੱਦਰਾਂ ਦਾ,
ਉੱਗਣ ਵਾਲੇ ਉੱਗ ਪੈਂਦੇ ਨੇ ਪਾੜ ਕੇ ਸੀਨਾ ਪੱਥਰਾਂ ਦਾ।
ਮੰਜ਼ਿਲ ਦੇ ਮੱਥੇ ਦੇ ਉੱਤੇ ਤਖਤੀ ਲਗਦੀ ਓਹਨਾ ਦੀ ,
ਜਿਹੜੇ ਘਰੋਂ ਬਣਾਕੇ ਤੁਰਦੇ ਨਕਸ਼ਾ ਆਪਣੇ ਸਫਰਾਂ ਦਾ।

# ਅਮਰੀਕਾ ਵਿਚ ਭਾਰਤੀ ਕੌਂਸਲੇਟ ਦੀ ਕੰਧ 'ਤੇ ਲਿਖਿਆ ਖਾਲਿਸਤਾਨ



ਸੈਨ ਫਰਾਂਸਿਸ:ਭਾਰਤ ਦੇ 75ਵੇਂ ਆਜ਼ਾਦੀ ਦਿਹਾੜੇ ਤੋਂ ਪਹਿਲਾਂ ਅਮਰੀਕਾ ਦੇ ਸੈਨ ਫਰਾਂਸਿਸਕੋ ਸ਼ਹਿਰ ਵਿਚ ਭਾਰਤੀ ਕੌਂਸਲੇਟ ਦੀ ਕੰਧ 'ਤੇ ਕੋਈ ਅਣਪਛਾਤਾ ਸ਼ਖਸ 'ਖਾਲਿਸਤਾਨ ਜ਼ਿੰਦਾਬਾਦ' ਲਿਖ ਗਿਆ। ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ ਪਰ ਭਾਰਤ ਅਤੇ ਯੂਰਪ ਤੋਂ ਬਾਅਦ ਅਮਰੀਕਾ ਵਿਚ ਆਪਣੀ ਕਿਸਮ ਦੇ ਪਹਿਲੇ ਮਾਮਲੇ ਤੋਂ ਅਧਿਕਾਰੀ ਹੈਰਾਨ-ਪ੍ਰੇਸ਼ਾਨ ਹਨ। ਫਿਲਹਾਲ ਇਹ ਪਤਾ ਨਹੀਂ ਲੱਗ ਸਕਿਆ ਕਿ ਕੌਂਸਲੇਟ ਦੇ ਸੁਰੱਖਿਆ ਮੁਲਾਜ਼ਮ ਉਸ ਵੇਲੇ ਕਿਥੇ ਸਨ ਜਦੋਂ ਇਕ ਜਾਂ ਇਕ ਤੋਂ ਵਧ ਜਣੇ ਖ਼ਾਲਿਸਤਾਨ ਦੇ ਨਾਹਰੇ ਲਿਖ ਕੇ ਗਏ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਕੌਂਸਲੇਟ ਦੀ ਕੰਧ 'ਤੇ ਖਾਲਿਸਤਾਨ ਜ਼ਿੰਦਾਬਾਦ ਲਿਖਿਆ ਹੋਇਆ ਹੈ ਜਦਕਿ ਉਪਰ ਭਾਰਤ ਝੰਡਾ ਝੂਲ ਰਿਹਾ ਹੈ। ਇਥੇ ਦਸਣਾ ਬਣਦਾ ਹੈ ਕਿ ਪਾਬੰਦੀਸ਼ੁਦਾ ਆਗੂ ਗੁਰਪਤਵੰਤ ਸਿੰਘ ਪਨੂੰ ਵੱਲੋਂ ਇਕ ਵੀਡੀਓ ਜਾਰੀ ਕਰਦਿਆਂ 15 ਅਗਸਤ ਨੂੰ ਮੈਲਬਰਨ, ਲੰਡਨ, ਮਿਲਾਨ, ਸੈਨ ਫ਼ਰਾਂਸਿਸਕੋ, ਵੈਨਕੂਵਰ ਅਤੇ ਟੋਰਾਂਟੋ ਸਥਿਤ ਭਾਰਤੀ ਕੌਂਸਲੇਟਸ 'ਤੇ ਖਾਲਿਸਤਾਨੀ ਝੰਡੇ ਝੁਲਾਉਣ ਦਾ ਐਲਾਨ ਕੀਤਾ ਗਿਆ ਸੀ। ਪਨੂੰ ਵੱਲੋਂ ਅਜਿਹਾ ਕਰਨ ਵਾਲਿਆਂ ਨੂੰ ਇਨਾਮ ਦੇਣ ਦਾ ਐਲਾਨ ਵੀ ਕੀਤਾ ਗਿਆ।

## ਚੀਨ ਨਾਲ ਭਾਰਤ ਦੇ ਰਿਸ਼ਤੇ ਆਮ ਨਹੀਂ ਹਨ:ਐਸ ਜੈਸ਼ੰਕਰ

ਬੈਂਗਲੁਰੂ- ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਮੰਨਿਆ ਹੈ ਕਿ ਭਾਰਤ-ਚੀਨ ਸਬੰਧ ਆਮ ਵਾਂਗ ਨਹੀਂ ਹਨ। ਐਸ ਜੈਸ਼ੰਕਰ ਨੇ ਭਾਰਤ-ਚੀਨ ਮੁੱਦੇ 'ਤੇ ਟਿੱਪਣੀ ਕਰਦਿਆਂ ਬੈਂਗਲੁਰੂ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਸਾਡੇ ਸਬੰਧ ਆਮ ਨਹੀਂ ਹਨ, ਇਹ ਆਮ ਨਹੀਂ ਹੋ ਸਕਦੇ ਕਿਉਂਕਿ ਸਰਹੱਦੀ ਸਥਿਤੀ ਆਮ ਨਹੀਂ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਵੱਡੀ ਸਮੱਸਿਆ ਸਰਹੱਦੀ ਸਥਿਤੀ ਹੈ।


SHAAN PROFESSIONAL PAINTING LTD



ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ

WE DO ALL KIND OF PAINTING JOBS
All Antique Work
Full Finishing Work
Vanishal Plaster
Quality Workmanship





We Use Only Brand Name Paint

Best Rates
Guaranteed Work
Fast & Friendly Service

CALL US FOR A FREE NO-OBLIGATION QUOTE

Jaswinder Nahal 604.782.0675
Peter Dhaliwal 604.783.5217

www.shaanprofessionalpainting.com shaan2006@hotmail.com



AMAYA LIVING



60 LUXURIOUS CONDOS

- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

KITCHEN

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM

• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

# ਬਠਿੰਡਾ ਦੇ ਪਿੰਡ 'ਚ ਦਲਿਤ ਔਰਤ ਹੱਥੋਂ ਰੋਟੀ ਦਾ ਥਾਲ ਖੋਹੇ ਜਾਣ ਮਾਮਲਾ

ਬਠਿੰਡਾ (ਸੁਰਿੰਦਰ ਮਾਨ)ਬਠਿੰਡਾ ਦੇ ਪਿੰਡ ਮਲੂਕਾ ਵਿੱਚ ਤੀਆਂ ਦੇ ਤਿਉਹਾਰ ਮੌਕੇ ਰੱਖੇ ਗਏ ਇੱਕ ਸਮਾਗਮ ਦੌਰਾਨ ਕਥਿਤ ਤੌਰ 'ਤੇ ਦਲਿਤਾਂ ਲਈ ਲੰਗਰ ਦਾ ਵੱਖਰਾ ਪ੍ਰਬੰਧ ਕੀਤੇ ਜਾਣ ਮਗਰੋਂ ਵਿਵਾਦ ਖੜ੍ਹਾ ਹੋ ਗਿਆ ਹੈ।

"ਮੇਰੇ ਪਿੰਡ ਵਿੱਚ ਕਰਵਾਏ ਗਏ ਤੀਆਂ ਦੇ ਇੱਕ ਸਮਾਗਮ ਦੌਰਾਨ ਜਦੋਂ ਮੈਂ ਰੋਟੀ ਖਾਣ ਲਈ ਮੇਜ਼ ਤੋਂ ਥਾਲ ਚੁੱਕਿਆ ਤਾਂ ਮੇਰੇ ਪਿੰਡ ਦੀ ਹੀ ਇੱਕ ਔਰਤ ਨੇ ਮੇਰੇ ਹੱਥੋਂ ਥਾਲ ਖੋਹ ਲਿਆ। ਉਸ ਨੇ ਮੈਨੂੰ ਕਿਹਾ ਕਿ ਛੋਟੀਆਂ ਜਾਤਾਂ ਲਈ ਲੰਗਰ ਦਾ ਵੱਖਰਾ ਪ੍ਰਬੰਧ ਹੈ, ਤੂੰ ਇੱਥੋਂ ਰੋਟੀ ਨਹੀਂ ਖਾ ਸਕਦੀ।"ਇਹ ਸ਼ਬਦ ਉਸ ਦਲਿਤ ਔਰਤ ਦੇ ਹਨ, ਜਿਸ ਨਾਲ ਇਹ ਕਥਿਤ ਘਟਨਾ ਵਾਪਰਨ ਮਗਰੋਂ ਸੋਸ਼ਲ ਮੀਡੀਆ ਉੱਪਰ ਇਸ ਦੀ ਚਰਚਾ ਹੋਣ ਲੱਗੀ ਹੈ।ਇਹ ਸਮਾਗਮ 7 ਅਗਸਤ ਨੂੰ ਜ਼ਿਲ੍ਹਾ ਬਠਿੰਡਾ ਅਧੀਨ ਪੈਂਦੇ ਪਿੰਡ ਮਲੂਕਾ ਵਿਖੇ ਰੱਖਿਆ ਗਿਆ ਸੀ।

ਅਸਲ ਵਿੱਚ ਸਮਾਗਮ ਦੌਰਾਨ ਰੌਲਾ ਉਸ ਵੇਲੇ ਪਿਆ ਜਦੋਂ ਰੋਟੀ ਖਾਣ ਸਮੇਂ ਇੱਕ ਦਲਿਤ ਔਰਤ ਦੇ ਹੱਥੋਂ ਕਥਿਤ ਤੌਰ 'ਤੇ ਥਾਲ ਫੜ ਕੇ ਉਸ ਨੂੰ ਕਿਹਾ ਗਿਆ ਕਿ 'ਨੀਵੀਆਂ ਜਾਤਾਂ' ਲਈ ਲੰਗਰ ਦੂਜੇ ਪਾਸੇ ਹੈ।ਜਿਵੇਂ ਹੀ ਇਸ ਅਨਾਊਂਸਮੈਂਟ ਦੀ ਵੀਡੀਓ ਸੋਸ਼ਲ ਮੀਡੀਆ ਉੱਪਰ ਵਾਇਰਲ ਹੋਈ ਤਾਂ ਵੱਖ-ਵੱਖ ਜਥੇਬੰਦੀਆਂ ਨੇ ਇਸ ਵਿਰੁੱਧ ਆਵਾਜ਼ ਚੁੱਕਣੀ ਸ਼ੁਰੂ ਕਰ ਦਿੱਤੀ।ਦਲਿਤ ਔਰਤ ਦੀ ਸ਼ਿਕਾਇਤ ਮਗਰੋਂ ਪੁਲਿਸ ਨੇ ਇਸ ਸਬੰਧ ਵਿੱਚ ਇੱਕ ਔਰਤ ਸਣੇ 5 ਜਣਿਆਂ ਖ਼ਿਲਾਫ਼ ਐੱਸਸੀ ਐੱਸਟੀ ਐਕਟ ਅਧੀਨ ਮਾਮਲਾ ਦਰਜ ਕਰ ਲਿਆ ਹੈ।

ਪੁਲਿਸ ਨੇ ਥਾਣਾ ਦਿਆਲਪੁਰਾ ਭਾਈਕਾ ਵਿਖੇ ਪਿੰਡ ਮਲੂਕਾ ਦੇ ਵਸਨੀਕਾਂ ਰਘਬੀਰ ਸਿੰਘ, ਜਗਸੀਰ ਸਿੰਘ, ਸਵਰਨ ਸਿੰਘ, ਲੱਖਾ ਸਿੰਘ ਤੇ ਕੁਲਦੀਪ ਕੌਰ ਖ਼ਿਲਾਫ਼ ਕੇਸ ਦਰਜ ਕਰਕੇ ਜਾਂਚ ਦਾ ਕੰਮ ਸ਼ੁਰੂ ਕਰ ਦਿੱਤਾ ਹੈ।ਉਂਝ, ਹਾਲੇ ਤੱਕ ਇਸ ਮਾਮਲੇ ਵਿੱਚ ਪੁਲਿਸ ਵੱਲੋਂ ਕੋਈ ਵੀ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ।ਪਿੰਡ ਦੇ ਵਸਨੀਕ ਹਰਬੰਸ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਦਲਿਤ ਵਰਗ ਅਤੇ ਉੱਚ ਜਾਤੀਆਂ ਲਈ ਵੱਖੋ ਵੱਖਰੇ ਟੈਂਟ ਲਗਾਏ ਗਏ ਸਨ।"ਸਾਡੇ ਲਈ ਇਹ ਵੀ ਕੋਈ ਖ਼ਾਸ ਗੱਲ ਨਹੀਂ ਸੀ। ਪਰ ਸਾਡੇ ਦਿਲਾਂ ਨੂੰ ਉਸ ਵੇਲੇ ਠੇਸ ਪੁੱਜੀ ਜਦੋਂ ਸਮਾਗਮ ਦੀ ਸਟੇਜ ਤੋਂ ਮਾਈਕ ਰਾਹੀਂ ਇਹ ਕਿਹਾ ਗਿਆ ਕਿ ਜ਼ਿਮੀਂਦਾਰ ਘਰਾਂ ਦੀਆਂ ਔਰਤਾਂ ਸਟੇਜ ਦੇ ਅੱਗੇ ਆ ਜਾਣ। ਇਸ ਤੋਂ ਪਹਿਲਾਂ ਸਾਡੇ ਪਿੰਡ ਵਿੱਚ ਜਾਤ-ਪਾਤ ਦਾ ਕਦੇ ਵੀ ਕੋਈ ਮਾਮਲਾ ਨਹੀਂ ਸੀ।ਪਿੰਡ ਦੇ ਵਸਨੀਕ ਹਰਬੰਸ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਦਲਿਤ ਵਰਗ ਅਤੇ ਉੱਚ ਜਾਤੀਆਂ ਲਈ ਵੱਖੋ ਵੱਖਰੇ ਟੈਂਟ ਲਗਾਏ ਗਏ ਸਨ।ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਉਣ ਵਾਲੀ ਔਰਤ ਨੇ ਪੁਲਿਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਹੈ ਕਿ ਸਮਾਗਮ ਦੌਰਾਨ ਕਥਿਤ ਤੌਰ 'ਤੇ ਇਹ ਵੀ ਕਿਹਾ ਗਿਆ ਕਿ ਦਲਿਤ ਕੁੜੀਆਂ ਸਟੇਜ ਤੋਂ ਉਤਰ ਜਾਣ।ਪਿੰਡ ਮਲੂਕਾ ਵਿੱਚ ਵੱਖ-ਵੱਖ ਲੋਕਾਂ ਨਾਲ ਗੱਲ




ਕਰਨ ਤੋਂ ਬਾਅਦ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਈ ਕਿ ਪਿੰਡ ਵਿੱਚ ਵੱਖ-ਵੱਖ ਸਿਆਸੀ ਧੜਿਆਂ ਦਰਮਿਆਨ ਅਕਸਰ ਹੀ ਖਿੱਚੋਤਾਣ ਚੱਲਦੀ ਰਹਿੰਦੀ ਹੈ।ਪਿੰਡ ਦੇ ਵਸਨੀਕ ਬੀਰਾ ਸਿੰਘ ਦਾ ਕਹਿਣਾ ਹੈ ਕਿ ਇਸ ਸਿਆਸੀ ਧੜੇਬੰਦੀ ਦਾ ਸ਼ਿਕਾਰ ਕਥਿਤ ਤੌਰ 'ਤੇ ਗ਼ਰੀਬ ਲੋਕ ਹੀ ਹੁੰਦੇ ਰਹੇ ਹਨ।

ਪੀੜਤ ਦਲਿਤ ਔਰਤ ਨੇ ਬੀਬੀਸੀ ਪੰਜਾਬੀ ਨੂੰ ਦੱਸਿਆ ਕਿ ਤੀਆਂ ਦਾ ਇਹ ਸਮਾਗਮ ਰਘਬੀਰ ਸਿੰਘ ਵੱਲੋਂ ਆਪਣੀ ਮਾਤਾ ਦੀ ਯਾਦ ਵਿੱਚ ਪਿੰਡ ਵਿੱਚ ਮੇਲ-ਮਿਲਾਪ ਅਤੇ ਭਾਈਚਾਰਕ ਸਾਂਝ ਕਾਇਮ ਕਰਨ ਲਈ ਕੀਤਾ ਗਿਆ ਸੀ।"ਹੁਣ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਆਖਰਕਾਰ ਸਮਾਗਮ ਦੌਰਾਨ ਅਜਿਹੀਆਂ ਗੱਲਾਂ ਕਿਵੇਂ ਵਾਪਰ ਗਈਆਂ।"

ਪੀੜਤ ਔਰਤ ਦੇ ਪਤੀ ਖੇਤ ਮਜ਼ਦੂਰ ਹਨ। ਜਦੋਂ ਉਨ੍ਹਾਂ ਤੋਂ ਇਸ ਘਟਨਾ ਸਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਸਾਫ ਸ਼ਬਦਾਂ ਵਿੱਚ ਕਿਹਾ, "ਅਸੀਂ ਮਜ਼ਦੂਰੀ ਕਰਕੇ ਆਪਣਾ ਘਰ ਚਲਾਉਂਦੇ ਹਾਂ।ਅਜਿਹੇ ਹਾਲਾਤ ਵਿੱਚ ਅਸੀਂ ਕਿਸੇ ਵੀ ਤਰ੍ਹਾਂ ਦੇ ਵਿਵਾਦ ਵਿੱਚ ਨਹੀਂ ਪੈਣਾ ਚਾਹੁੰਦੇ।"ਦੂਜੇ ਪਾਸੇ ਇਸ ਸਮਾਗਮ ਨੂੰ ਕਰਵਾਉਣ ਵਾਲੇ ਮੁੱਖ ਪ੍ਰਬੰਧਕ ਰਘਬੀਰ ਸਿੰਘ ਦੇ ਪੁੱਤਰ ਰਾਮ ਸਿੰਘ ਦਾ ਕਹਿਣਾ ਹੈ ਕਿ ਸਮਾਗਮ ਵਿੱਚ ਦੋ ਲੰਗਰ ਨਹੀਂ ਸਨ।ਥਾਣਾ ਦਿਆਲਪੁਰਾ ਭਾਈਕਾ ਦੇ ਐੱਸਐੱਚਓ ਹਰਨੇਕ ਸਿੰਘ ਦਾ ਕਹਿਣਾ ਹੈ ਕਿ ਜਿਵੇਂ ਹੀ ਇਸ ਘਟਨਾ ਦੀ ਸ਼ਿਕਾਇਤ ਪੁਲਿਸ ਕੋਲ ਪੁੱਜੀ ਤਾਂ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੰਜ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ"ਅਸੀਂ ਆਪਣੇ ਰਿਸ਼ਤੇਦਾਰਾਂ ਲਈ ਇੱਕ ਵੱਖਰੇ ਲੰਗਰ ਦਾ ਪ੍ਰਬੰਧ ਕੀਤਾ ਸੀ ਜਿਸ ਵਿੱਚ ਸਿਰਫ ਪਰਿਵਾਰਕ ਮੈਂਬਰ ਹੀ ਹਾਜ਼ਰ ਸਨ। ਜਦੋਂ ਕਿ ਆਮ ਸੰਗਤ ਲਈ ਦੂਜੇ ਪਾਸੇ ਖੁੱਲ੍ਹਾ ਲੰਗਰ ਬਿਨਾਂ ਕਿਸੇ ਭੇਦਭਾਵ ਦੇ ਵਰਤਾਇਆ ਗਿਆ ਸੀ।ਉਨ੍ਹਾਂ ਕਿਹਾ, "ਮੇਰੇ ਪਿਤਾ ਰਘਬੀਰ ਸਿੰਘ ਨੇ ਹਰ ਤਰ੍ਹਾਂ ਦੇ ਸਮਾਜ ਸੇਵੀ ਕੰਮਾਂ ਵਿੱਚ ਹਿੱਸਾ ਲਿਆ ਹੈ। ਅਸੀਂ ਬੜੇ ਚਾਵਾਂ ਨਾਲ ਇਹ ਸਮਾਗਮ ਕਰਵਾਇਆ ਸੀ। ਪਤਾ ਨਹੀਂ ਕਿਸ ਤਰ੍ਹਾਂ ਦੀ ਸਿਆਸਤ ਇਸ ਸਮਾਗਮ ਵਿੱਚ ਕੀਤੀ ਗਈ ਕਿ ਇਹ ਬਖੇੜਾ ਖੜ੍ਹਾ ਹੋ ਗਿਆ।"

ਰਾਮ ਸਿੰਘ ਨੇ ਇਸ ਗੱਲ ਦਾ ਖੁਲਾਸਾ ਕੀਤਾ ਕਿ ਪੀੜਤ ਔਰਤ ਨੇ ਇੱਕ ਹਲਫੀਆ ਬਿਆਨ ਰਾਹੀਂ ਸਾਰੀ ਸਥਿਤੀ ਸਾਫ਼ ਕਰ ਦਿੱਤੀ ਹੈ।ਪੀੜਤ ਔਰਤ ਦਾ ਕਹਿਣਾ ਹੈ ਕਿ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ ਅਤੇ ਕਾਨੂੰਨ ਆਪਣੇ ਮੁਤਾਬਕ ਕਾਰਵਾਈ ਕਰ ਰਿਹਾ ਹੈ।

"ਹਾਂ, ਇੰਨਾ ਜ਼ਰੂਰ ਹੈ ਕਿ ਘਟਨਾ ਦੇ ਸਬੰਧ ਵਿੱਚ ਸਮਾਗਮ ਦੇ ਮੁੱਖ ਪ੍ਰਬੰਧਕ ਨੇ ਸਾਡੇ ਕੋਲੋਂ ਮੁਆਫ਼ੀ ਮੰਗ ਲਈ ਹੈ। ਪਿੰਡ ਵਿੱਚ ਸਾਲਾਂ ਤੋਂ ਭੈਣਾਂ-ਭਰਾਵਾਂ ਵਾਂਗ ਰਹਿੰਦੇ ਆ ਰਹੇ ਹਾਂ। ਮੈਨੂੰ ਲੱਗਦਾ ਹੈ ਕਿ ਗੱਲ ਜਲਦੀ ਹੀ ਨਿੱਬੜ ਜਾਵੇਗੀ।"

ਪਿੰਡ ਦੀਆਂ ਗਲੀਆਂ ਦੇ ਮੋੜਾਂ ਅਤੇ ਚੌਰਾਹਿਆਂ ਵਿੱਚ ਖੜ੍ਹੇ ਲੋਕ ਇਸ ਘਟਨਾ ਦੀ ਹੀ ਚਰਚਾ ਕਰਦੇ ਨਜ਼ਰ ਆਏ।

ਕੁਝ ਲੋਕ ਭਾਈਚਾਰਕ ਸਾਂਝ ਲਈ ਇਸ ਘਟਨਾ ਸਬੰਧੀ ਰਾਜ਼ੀਨਾਮਾ ਕਰਨ ਦੇ ਹੱਕ ਵਿੱਚ ਸਨ ਅਤੇ ਕਈਆਂ ਦਾ ਵਿਚਾਰ ਸੀ ਕਿ ਅੱਜ ਦੇ ਅਗਾਂਹਵਧੂ ਸਮਾਜ ਵਿੱਚ ਦਲਿਤਾਂ ਨਾਲ ਕਿਸੇ ਵੀ ਤਰ੍ਹਾਂ ਦਾ ਭੇਦਭਾਵ ਨਹੀਂ ਹੋਣਾ ਚਾਹੀਦਾ।

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910 | Charlie Sandhu: 604-864-7711

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ‘ਸਾਨੂੰ ਆਜ਼ਾਦੀ ਮਿਲੀ ਹੈ ਪਰ ਪਤਾ ਨਹੀਂ ਇਸ ਬਾਰੇ ਕੀ ਕਰੀਏ’ ਭਾਰਤ ਦੀ ਹਾਕਮ ਜਮਾਤ ਦੇਸ਼ ਵਿਚ ਇਨਕਲਾਬ ਨਹੀਂ ਚਾਹੁੰਦੀ

**ਪ੍ਰਸਿੱਧ ਲੇਖਕ ਅਤੇ ਐਕਟਰ ਬਲਰਾਜ ਸਾਹਨੀ ਦੁਆਰਾ ਲਿਖਿਆ**



ਆਜ਼ਾਦੀ ਦੇ 75 ਸਾਲ : ਸਾਡੀ ਹਾਲਤ ਅੱਜ ਵੀ ਉਸ ਪੰਛੀ ਵਰਗੀ ਹੈ, ਜੋ ਲੰਮੀ ਕੈਦ ਤੋਂ ਬਾਅਦ ਪਿੰਜਰੇ ਵਿੱਚੋਂ ਆਜ਼ਾਦ ਹੋ ਗਿਆ ਹੈ, ਪਰ ਪਤਾ ਨਹੀਂ ਇਸ ਆਜ਼ਾਦੀ ਦਾ ਕੀ ਕਰੀਏ। ਉਸ ਕੋਲ ਖੰਭ ਹਨ ਪਰ ਉਹ ਸਿਰਫ਼ ਉਸ ਸੀਮਾ ਦੇ ਅੰਦਰ ਰਹਿਣਾ ਚਾਹੁੰਦਾ ਹੈ ਜੋ ਉਸ ਲਈ ਤੈਅ ਕੀਤੀਆਂ ਗਈਆਂ ਹਨ। ਪਿਛਲੇ 25 ਸਾਲਾਂ ਵਿੱਚ ਮੈਂ ਲਗਭਗ 125 ਫ਼ਿਲਮਾਂ ਵਿੱਚ ਕੰਮ ਕੀਤਾ ਹੈ। ਉਸ ਸਮੇਂ ਵਿੱਚ ਇੱਕ ਅਦਾਕਾਰ ਅਮਰੀਕਾ ਜਾਂ ਯੂਰਪ ਵਿੱਚ 30-35 ਫਿਲਮਾਂ ਵਿੱਚ ਕੰਮ ਕਰਦਾ ਹੈ। ਇਸ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਮੇਰੀ ਜ਼ਿੰਦਗੀ ਦਾ ਕਿੰਨਾ ਹਿੱਸਾ ਸੈਲੂਲੋਇਡ ਦੀਆਂ ਰੀਲਾਂ ਵਿੱਚ ਦੱਬਿਆ ਹੋਇਆ ਹੈ। ਇਸ ਸਮੇਂ ਵਿੱਚ ਕਿੰਨੀਆਂ ਕਿਤਾਬਾਂ ਅਜਿਹੀਆਂ ਸਨ, ਜੋ ਮੈਂ ਪੜ੍ਹ ਨਹੀਂ ਸਕਿਆ, ਬਹੁਤ ਸਾਰੇ ਸਮਾਗਮ ਅਜਿਹੇ ਸਨ ਜਿੱਥੇ ਮੈਂ ਜਾਣਾ ਚਾਹੁੰਦਾ ਸੀ ਪਰ ਜਾ ਨਹੀਂ ਸਕਿਆ।

ਕਈ ਵਾਰ ਮੈਂ ਬਹੁਤ ਪਛੜਿਆ ਮਹਿਸੂਸ ਕਰਦਾ ਹਾਂ ਅਤੇ ਮੇਰੀ ਨਿਰਾਸ਼ਾ ਵੱਧ ਜਾਂਦੀ ਹੈ ਜਦੋਂ ਮੈਂ ਸੋਚਦਾ ਹਾਂ ਕਿ ਇਨ੍ਹਾਂ 125 ਫਿਲਮਾਂ ਵਿੱਚ ਕਿੰਨੀਆਂ ਫਿਲਮਾਂ ਮਹੱਤਵਪੂਰਨ ਹੋਣਗੀਆਂ? ਕਿੰਨੀਆਂ ਅਜਿਹੀਆਂ ਫਿਲਮਾਂ ਹੋਣਗੀਆਂ ਜੋ ਯਾਦ ਰਹਿਣਗੀਆਂ? ਸ਼ਾਇਦ ਬਹੁਤ ਘੱਟ, ਇਕੱਲੇ ਹੱਥ ਦੀਆਂ ਉਂਗਲਾਂ ‘ਤੇ ਗਿਣਨ ਯੋਗ. ਅਤੇ ਲੋਕ ਜਾਂ ਤਾਂ ਉਨ੍ਹਾਂ ਨੂੰ ਭੁੱਲ ਗਏ ਹਨ ਜਾਂ ਜਲਦੀ ਹੀ ਭੁੱਲ ਜਾਣਗੇ। ਇੱਕ ਆਜ਼ਾਦ ਆਦਮੀ ਵਿੱਚ ਸੋਚਣ, ਫੈਸਲਾ ਕਰਨ ਅਤੇ ਆਪਣੇ ਫੈਸਲੇ ਨੂੰ ਲਾਗੂ ਕਰਨ ਦੀ ਹਿੰਮਤ ਹੁੰਦੀ ਹੈ। ਗ਼ੁਲਾਮ ਆਦਮੀ ਇਹ ਹਿੰਮਤ ਹਾਰ ਗਿਆ ਹੋਵੇਗਾ। ਉਹ ਸਦਾ ਦੂਸਰਿਆਂ ਦੇ ਵਿਚਾਰਾਂ ਨੂੰ ਗ੍ਰਹਿਣ ਕਰਦਾ ਹੈ, ਵਿਗੜੇ ਹੋਏ ਰਾਹਾਂ ‘ਤੇ ਤੁਰਦਾ ਹੈ। ਮੈਂ ਇਸ ਸਬਕ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਇਆ ਹੈ। ਜਦੋਂ ਵੀ ਮੈਂ ਆਪਣੀ ਜ਼ਿੰਦਗੀ ਵਿਚ ਕੋਈ ਔਖਾ ਫੈਸਲਾ ਲੈਣ ਦੇ ਯੋਗ ਹੋਇਆ, ਮੈਨੂੰ ਬਹੁਤ ਖੁਸ਼ੀ ਮਹਿਸੂਸ ਹੋਈ। ਮੈਂ ਆਜ਼ਾਦ ਮਹਿਸੂਸ ਕੀਤਾ, ਮੈਨੂੰ ਜੀਵਨ ਨੂੰ ਸਾਰਥਕ ਲੱਗਿਆ ਅਤੇ ਮੈਂ ਸ਼ਾਇਦ ਜ਼ਿੰਦਗੀ ਦਾ ਆਨੰਦ ਲੈ ਸਕਿਆ ਕਿਉਂਕਿ ਮੈਂ ਸਮਝ ਗਿਆ ਸੀ ਕਿ ਜ਼ਿੰਦਗੀ ਦਾ ਕੋਈ ਮਤਲਬ ਹੈ।

ਅਸੀਂ ਹਰ ਸਾਲ ਅਜ਼ਾਦੀ ਦੇ ਜਸ਼ਨ ਮਨਾ ਰਹੇ ਹਾਂ ਪਰ ਕੀ ਅਸੀਂ ਕਹਿ ਸਕਦੇ ਹਾਂ ਕਿ ਸਾਡੇ ਮਨ ਵਿੱਚੋਂ ਗੁਲਾਮੀ ਅਤੇ ਹੀਣਤਾ ਦੀ ਭਾਵਨਾ ਪੂਰੀ ਤਰ੍ਹਾਂ ਦੂਰ ਹੋ ਗਈ ਹੈ? ਕੀ ਅਸੀਂ ਇਹ ਦਾਅਵਾ ਕਰ ਸਕਦੇ ਹਾਂ ਕਿ ਵਿਅਕਤੀਗਤ, ਸਮਾਜਿਕ ਜਾਂ ਰਾਸ਼ਟਰੀ ਪੱਧਰ ‘ਤੇ, ਸਾਡੇ ਵਿਚਾਰ, ਸਾਡੇ ਫੈਸਲੇ ਅਤੇ ਸਾਡੇ ਕਾਰਜ ਮੂਲ ਰੂਪ ਵਿੱਚ ਸਾਡੇ ਆਪਣੇ ਹਨ ਅਤੇ ਅਸੀਂ ਦੂਜਿਆਂ ਦੀ ਨਕਲ ਕਰਨਾ ਛੱਡ ਦਿੱਤਾ ਹੈ? ਕੀ ਅਸੀਂ ਆਪਣੇ ਫੈਸਲੇ ਖੁਦ ਲੈ ਸਕਦੇ ਹਾਂ ਅਤੇ ਉਹਨਾਂ ਨੂੰ ਲਾਗੂ ਕਰ ਸਕਦੇ ਹਾਂ ਜਾਂ ਕੀ ਅਸੀਂ ਇਸ ਨਕਲੀ ਆਜ਼ਾਦੀ ਦਾ ਦਿਖਾਵਾ ਕਰਦੇ ਰਹਾਂਗੇ? ਇੱਕ ਪੜ੍ਹੇ-ਲਿਖੇ ਸੂਝਵਾਨ ਆਦਮੀ ਲਈ ਸਾਡੀਆਂ ਫਿਲਮਾਂ ਇੱਕ ਮਜ਼ਾਕ ਤੋਂ ਵੱਧ ਕੁਝ ਨਹੀਂ ਹਨ। ਉਸ ਦੀਆਂ ਕਹਾਣੀਆਂ ਬਚਕਾਨਾ, ਹਕੀਕਤ ਤੋਂ ਕੋਹਾਂ ਦੂਰ ਅਤੇ ਤਰਕਹੀਣ ਹਨ। ਅਤੇ ਤੁਸੀਂ ਇਸ ਗੱਲ ਨਾਲ ਵੀ ਸਹਿਮਤ ਹੋਵੋਗੇ ਕਿ ਸਭ ਤੋਂ ਵੱਡੀ ਨੁਕਸ ਇਹ ਹੈ ਕਿ ਉਨ੍ਹਾਂ ਦੀ ਕਹਾਣੀ, ਤਕਨੀਕ ਅਤੇ ਇੱਥੋਂ ਤੱਕ ਕਿ ਡਾਂਸ ਅਤੇ ਗੀਤ ਵੀ ਪੱਛਮੀ ਫਿਲਮਾਂ ਦੀ ਅੰਨ੍ਹੀ ਨਕਲ ਹਨ। ਕਈ ਵਾਰ ਪੂਰੀ ਫਿਲਮ ਕਿਸੇ ਵਿਦੇਸ਼ੀ ਫਿਲਮ ਦੀ ਨਕਲ ਹੁੰਦੀ ਹੈ। ਚੰਗੀਆਂ ਫ਼ਿਲਮਾਂ, ਚੰਗੇ ਨਾਟਕ, ਚੰਗੀ ਅਦਾਕਾਰੀ, ਚੰਗੀ ਪੇਂਟਿੰਗ ਆਦਿ ਸਭ ਕੁਝ ਯੂਰਪ ਅਤੇ ਅਮਰੀਕਾ ਵਿੱਚ ਸੰਭਵ ਹੈ। ਭਾਰਤ ਦੇ ਲੋਕ, ਭਾਸ਼ਾ, ਸੱਭਿਆਚਾਰ ਇਨ੍ਹਾਂ ਕਲਾਤਮਕ ਭਾਵਨਾਵਾਂ ਦੇ ਪੱਖੋਂ ਕੱਚੇ ਅਤੇ ਪਛੜੇ ਹੋਏ ਹਨ। ਇਹ ਸਭ ਸੁਣ ਕੇ ਸਾਨੂੰ ਬੁਰਾ ਵੀ ਲੱਗਾ ਹੋਵੇਗਾ ਅਤੇ ਸਾਨੂੰ ਗੁੱਸਾ ਵੀ ਆਇਆ ਹੋਵੇਗਾ, ਪਰ ਅੰਦਰੋਂ ਅਸੀਂ ਇਹ ਗੱਲ ਮੰਨਣ ਲਈ ਮਜਬੂਰ ਹੋ ਗਏ। ਭਾਰਤ ਦੀ ਹਾਕਮ ਜਮਾਤ ਦੇਸ਼ ਵਿੱਚ ਇਨਕਲਾਬ ਨਹੀਂ ਚਾਹੁੰਦੀ, ਕੋਈ ਬੁਨਿਆਦੀ ਤਬਦੀਲੀ ਨਹੀਂ ਚਾਹੁੰਦਾ। ਅੰਗਰੇਜ਼ਾਂ ਨੂੰ ਦਿੱਤੇ ਸਿਸਟਮ ਨੂੰ ਉਸੇ ਤਰ੍ਹਾਂ ਕਾਇਮ ਰੱਖਣ ਵਿੱਚ ਇਸਦਾ ਫਾਇਦਾ ਹੈ।

ਅੱਜ ਜੇਕਰ ਅਸੀਂ ਸੱਚਮੁੱਚ ਚਾਹੁੰਦੇ ਹਾਂ ਕਿ ਸਾਡੇ ਦੇਸ਼ ਵਿੱਚ ਸਮਾਜਵਾਦ ਆਵੇ ਤਾਂ ਆਮ ਆਦਮੀ ਨੂੰ ਪੈਸੇ ਅਤੇ ਰੁਤਬੇ ਦੇ ਪਰਛਾਵੇਂ ਤੋਂ ਮੁਕਤ ਕਰਨ ਦੀ ਲੋੜ ਹੈ। ਪਰ ਇਸ ਸਮੇਂ ਅਸਲੀਅਤ ਕੀ ਹੈ? ਹਰ ਪਾਸੇ ਪੈਸਾ ਅਤੇ ਰੁਤਬਾ ਹਾਵੀ ਹੈ। ਸਮਾਜ ਵਿੱਚ ਇੱਜ਼ਤ ਉਨ੍ਹਾਂ ਦੀ ਹੁੰਦੀ ਹੈ ਜਿਨ੍ਹਾਂ ਕੋਲ ਮੋਟਰਾਂ, ਬੰਗਲੇ ਹਨ, ਦੌਲਤ ਦਾ ਦਰਿਆ ਵਗਦਾ ਹੈ। ਕੀ ਸਮਾਜਵਾਦ ਕਦੇ ਅਜਿਹੀ ਹਾਲਤ ਵਿੱਚ ਆ ਸਕਦਾ ਹੈ?

ਸਮਾਜਵਾਦ ਤੋਂ ਪਹਿਲਾਂ ਸਾਨੂੰ ਉਹ ਮਾਹੌਲ ਲਿਆਉਣਾ ਪਵੇਗਾ ਜਿੱਥੇ ਸਿਰਫ਼ ਧਨ-ਦੌਲਤ ਦੀ ਹੋਂਦ ਹੀ ਇੱਜ਼ਤ ਦਾ ਪੈਮਾਨਾ ਨਾ ਬਣ ਜਾਵੇ। ਸਾਨੂੰ ਅਜਿਹਾ ਮਾਹੌਲ ਸਿਰਜਣਾ ਹੋਵੇਗਾ ਜਿੱਥੇ ਸਰੀਰਕ ਜਾਂ ਮਾਨਸਿਕ ਤੌਰ ‘ਤੇ ਸਖ਼ਤ ਮਿਹਨਤ ਕਰਨ ਵਾਲੇ ਮਜ਼ਦੂਰ ਨੂੰ ਸਭ ਤੋਂ ਵੱਧ ਸਨਮਾਨ ਦਿੱਤਾ ਜਾਵੇ। ਆਪਣੇ ਹੁਨਰ ਜਾਂ ਪ੍ਰਤਿਭਾ ਨਾਲ ਸਖ਼ਤ ਮਿਹਨਤ ਕਰੋ। ਚਾਹੇ ਆਪਣੀ ਕਲਾ ਨਾਲ ਦੇਸ਼ ਦੀ ਸੇਵਾ ਕਰਨੀ ਹੋਵੇ ਜਾਂ ਕਿਸੇ ਕਾਢ ਨਾਲ। ਇਸ ਦੇ ਲਈ ਪੁਰਾਣੀ ਸੋਚ ਨੂੰ ਤੋੜ ਕੇ ਨਵੀਂ ਸੋਚ ਲਿਆਉਣ ਦੀ ਲੋੜ ਹੋਵੇਗੀ। ਕੀ ਅਸੀਂ ਆਪਣੇ ਆਪ ਨੂੰ ਕਿਤੇ ਵੀ ਉਸ ਕ੍ਰਾਂਤੀ ਨੂੰ ਲਿਆਉਣ ਦੇ ਨੇੜੇ ਪਾਉਂਦੇ ਹਾਂ?

ਸ਼ਾਇਦ ਅੱਜ ਸਾਨੂੰ ਕਿਸੇ ਅਜਿਹੇ ਮਸੀਹਾ ਦੀ ਲੋੜ ਹੈ ਜੋ ਸਾਨੂੰ ਇਸ ਗੁਲਾਮੀ ਤੋਂ ਆਜ਼ਾਦ ਕਰਾਉਣ ਅਤੇ ਨਵੀਆਂ ਕਦਰਾਂ-ਕੀਮਤਾਂ ਸਿਰਜਣ ਦੀ ਹਿੰਮਤ ਬਖਸ਼ੇ। ਤਾਂ ਜੋ ਅਸੀਂ ਆਪਣੇ ਹਾਕਮਾਂ ਨਾਲ ਜੁੜਨ ਦੀ ਬਜਾਏ ਆਮ ਲੋਕਾਂ ਨਾਲ ਜੁੜੀਏ। ਇਹ ਮੇਰੀ ਆਸ ਅਤੇ ਪ੍ਰਾਰਥਨਾ ਹੈ ਕਿ ਤੁਸੀਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਗ੍ਰੈਜੂਏਟ ਆਪਣੇ ਜੀਵਨ ਵਿੱਚ ਉਹ ਸਫਲਤਾ ਪ੍ਰਾਪਤ ਕਰਨ ਦੇ ਯੋਗ ਹੋਵੋਗੇ ਜੋ ਮੈਂ ਅਤੇ ਮੇਰੀ ਪੀੜ੍ਹੀ ਦੇ ਬਹੁਤ ਸਾਰੇ ਲੋਕ ਪ੍ਰਾਪਤ ਨਹੀਂ ਕਰ ਸਕੇ।


T&S Transportation

Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



# ਕਲੀਨਅੱਪ ਵਰਕਰਾਂ ਦੀ ਲੋੜ

Seneca ਕੰਪਨੀ ਵੱਲੋਂ ਡੈਲਟਾ ਵਿਚ ਕੈਸੀਨੋ ਲਈ ਫੁੱਲ ਟਾਈਮ ਅਤੇ ਪਾਰਟ ਟਾਈਮ ਕਲੀਨਅੱਪ ਵਰਕਰਾਂ ਦੀ ਲੋੜ ਹੈ। ਕੈਸੀਨੋ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਸਵੇਰੇ, ਦੁਪਹਿਰ ਅਤੇ ਰਾਤ ਦੀਆਂ ਸ਼ਿਫਟਾਂ ਉਪਲਬਧ ਹਨ। ਵਧੀਆ ਅਤੇ ਸਪੱਸ਼ਟ ਗੱਲਬਾਤ ਅਤੇ ਬਿਹਤਰੀਨ ਕਸਟਮਰ ਕੇਅਰ ਦੇ ਸਕਣ ਵਾਲੇ ਹੀ ਅਪਲਾਈ ਕਰਨ। ਤਨਖਾਹ ਵਧੀਆ ਅਤੇ ਤਜਰਬੇ ਦੇ ਆਧਾਰ ਤੇ। ਕੰਪਨੀ ਵੱਲੋਂ ਫੁੱਲ ਟਾਈਮ ਵਰਕਰਾਂ ਲਈ ਹੈਲਥ ਬੈਨੇਫਿਟਸ ਵੀ ਦਿੱਤੇ ਜਾਣਗੇ।

# Cleanup Workers Needed

Seneca is offering part time and full time positions for cleaning at a casino in Delta. The facility is open 24/7 and we have morning, afternoon and night shifts available. Candidates must have previous janitorial experience, communication skills, and customer service skills. Good Wages. Seneca also will provide extended health coverage for full time employees.

ਗੁਰਦੀਪ ਪਰਮਾਰ:604-720-2331

ਪਰਮਜੀਤ ਪਰਮਾਰ:604-889-1738

# ਅਗਲੇ 20 ਸਾਲਾਂ ‘ਚ ਮੰਗਲ ‘ਤੇ ਇਕ ਸ਼ਹਿਰ ਬਸਾਉਣਾ ਚਾਹੁੰਦੈ ਐਲੋਨ ਮਸਕ
## *ਲੋਕਾਂ ਨੂੰ ਚੰਦਰਮਾ ‘ਤੇ ਲਿਜਾਣ ਦੀ ਹੋ ਰਹੀ ਤਿਆਰੀ*




ਨਵੀਂ ਦਿੱਲੀ:ਟੇਸਲਾ ਅਤੇ ਸਪੇਸਐਕਸ ਦੇ ਸੀਈਓ ਐਲੋਨ ਮਸਕ ਮੰਗਲ ‘ਤੇ ਮਨੁੱਖੀ ਬਸਤੀ ਸਥਾਪਤ ਕਰਨਾ ਚਾਹੁੰਦੇ ਹਨ। ਮਸਕ ਨੂੰ ਉਮੀਦ ਹੈ ਕਿ ਅਗਲੇ ਵੀਹ ਸਾਲਾਂ ਵਿੱਚ ਮੰਗਲ ਗ੍ਰਹਿ ‘ਤੇ ਇੱਕ ‘ਆਤਮ-ਨਿਰਭਰ ਸ਼ਹਿਰ’ ਵਸਾਇਆ ਜਾਵੇਗਾ। ਉਸਨੇ ਐਤਵਾਰ ਨੂੰ ਇੱਕ ਟਵੀਟ ਵਿੱਚ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਅਗਲੇ 20 ਸਾਲਾਂ ਵਿੱਚ ਇਹ ਸ਼ਹਿਰ ਲਾਲ ਗ੍ਰਹਿ ‘ਤੇ ਵਸ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਦੀ ਪੁਲਾੜ ਕੰਪਨੀ ਚੰਦਰਮਾ, ਮੰਗਲ ਗ੍ਰਹਿ ਅਤੇ ਉਸ ਤੋਂ ਬਾਹਰ ਵੀ ਚੀਜ਼ਾਂ ਅਤੇ ਮਨੁੱਖਾਂ ਨੂੰ ਪਹੁੰਚਾਉਣ ਦੀ ਤਿਆਰੀ ਕਰ ਰਹੀ ਹੈ।

ਨਿਊਜ਼ ਏਜੰਸੀ ਆਈਏਐਨਐਸ ਦੇ ਅਨੁਸਾਰ, ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਮਸਕ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਉਹ ਆਪਣੇ ਜੀਵਨ ਕਾਲ ਵਿੱਚ ਮਨੁੱਖਤਾ ਨੂੰ ਮੰਗਲ ਗ੍ਰਹਿ ‘ਤੇ ਲੈ ਜਾਣ ਦੀ ਉਮੀਦ ਕਰਦਾ ਹੈ। ਉਸ ਨੇ ਕਿਹਾ ਸੀ ਕਿ ਮਨੁੱਖਾਂ ਤੋਂ ਇਲਾਵਾ ਕੋਈ ਹੋਰ ਪ੍ਰਜਾਤੀ ਜੀਵਨ ਨੂੰ ਬਹੁ-ਭੂਤ ਨਹੀਂ ਬਣਾ ਸਕਦੀ। ਮਸਕ ਨੇ ਬਾਈਬਲ ਦੇ ਪਤਵੰਤੇ ਨੂਹ ਦੀ ਉਦਾਹਰਣ ਦਾ ਹਵਾਲਾ ਦਿੱਤਾ, ਜਿਸ ਨੇ ਧਰਤੀ ਦੇ ਹੜ੍ਹ ਤੋਂ ਬਚਣ ਲਈ ਇੱਕ ਕਿਸ਼ਤੀ ਬਣਾਈ, ਕਿਹਾ ਕਿ ਉਸ ਦੇ ਸਟਾਰਸ਼ਿਪ ਮਾਡਲ ‘ਨੂਹ ਦੇ ਕਿਸ਼ਤੀ’ ਵਰਗੇ ਹੋਣਗੇ ਜੋ ਤਬਾਹੀ ਦੇ ਸਮੇਂ ਧਰਤੀ ‘ਤੇ ਜੀਵਨ ਬਚਾਏਗਾ। ਜ਼ਿਕਰਯੋਗ ਹੈ ਕਿ ਸਪੇਸਐਕਸ ਦੀ ਸਟਾਰਸ਼ਿਪ ਇੱਕ ਪਹਿਲਾ ਪੜਾਅ ਬੂਸਟਰ ਹੈ, ਜਿਸ ਨੂੰ ਸੁਪਰ ਹੈਵੀ ਕਿਹਾ ਜਾਂਦਾ ਹੈ ਅਤੇ ਇੱਕ 50 ਮੀਟਰ ਲੰਬਾ ਪੁਲਾੜ ਯਾਨ ਹੈ, ਜਿਸ ਨੂੰ ਸਟਾਰਸ਼ਿਪ ਕਿਹਾ ਜਾਂਦਾ ਹੈ। ਦੋਵਾਂ ਨੂੰ ਸਪੇਸਐਕਸ ਦੇ ਅਤਿ-ਆਧੁਨਿਕ ਰੈਪਟਰ ਇੰਜਣਾਂ ਦੁਆਰਾ ਸੰਚਾਲਿਤ, ਮੁੜ ਵਰਤੋਂ ਯੋਗ ਬਣਾਉਣ ਲਈ ਤਿਆਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ 33 ਸੁਪਰ ਹੈਵੀ ਅਤੇ 6 ਸਟਾਰਸ਼ਿਪ ਹਨ। ਪਿਛਲੇ ਹਫ਼ਤੇ ਇਹ ਰਿਪੋਰਟ ਕੀਤੀ ਗਈ ਸੀ ਕਿ ਸਟਾਰਸ਼ਿਪ ਵਾਹਨ ਦੀ ਬਹੁਤ-ਉਮੀਦ ਕੀਤੀ ਪਹਿਲੀ ਔਰਬਿਟਲ ਟੈਸਟ ਫਲਾਈਟ ਇਸ ਮਹੀਨੇ ਨਹੀਂ ਹੋਵੇਗੀ, ਕਿਉਂਕਿ ਲਾਂਚ ਨੂੰ ਅਜੇ ਮਨਜ਼ੂਰੀ ਨਹੀਂ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਵਾਹਨ ਦੀ ਲਾਂਚਿੰਗ ਜੁਲਾਈ ‘ਚ ਹੋਣੀ ਸੀ, ਜਿਸ ਨੂੰ ਅਗਸਤ ਤੱਕ ਟਾਲ ਦਿੱਤਾ ਗਿਆ ਸੀ। 2 ਅਗਸਤ ਨੂੰ, ਮਸਕ ਨੇ ਕਿਹਾ ਕਿ ਸ਼ਾਇਦ ਹੁਣ ਤੋਂ ਇੱਕ ਸਾਲ ਬਾਅਦ ਇੱਕ ਸਫਲ ਉਡਾਣ ਹੋਵੇਗੀ।






# ਭਾਰਤ ਵਾਸੀਆਂ ਨੂੰ ਜੋਅ ਬਾਈਡੇਨ ਨੇ ਦਿੱਤੀਆਂ ਆਜ਼ਾਦੀ ਦਿਹਾੜੇ ਦੀਆਂ ਵਧਾਈਆਂ



ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਭਾਰਤ ਵਾਸੀਆਂ 75ਵੇਂ ਆਜ਼ਾਦੀ ਦਿਹਾੜੇ ਦੇ ਮੌਕੇ ‘ਤੇ ਵਧਾਈ ਦਿੱਤੀ ਹੈ। ਬਾਈਡੇਨ ਨੇ ਕਿਹਾ ਹੈ ਕਿ ਉਹ ਭਾਰਤ ਦੀ ਲੋਕਤੰਤਰੀ ਯਾਤਰਾ ਦੇ ਸਨਮਾਨ ਵਿੱਚ ਭਾਰਤ ਦੇ ਲੋਕਾਂ ਦੇ ਨਾਲ ਹਨ ਅਤੇ ਦੋਵੇਂ ਦੇਸ਼ ‘ਲਾਜ਼ਮੀ ਭਾਈਵਾਲ’ ਹਨ। ਬਾਈਡੇਨ ਨੇ ਇੱਕ ਬਿਆਨ ਵਿੱਚ ਕਿਹਾ, ‘ਲਗਭਗ 40 ਲੱਖ ਭਾਰਤੀ-ਅਮਰੀਕੀਆਂ ਸਮੇਤ ਦੁਨੀਆ ਭਰ ਦੇ ਲੋਕ 15 ਅਗਸਤ ਨੂੰ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮਨਾ ਰਹੇ ਹਨ, ਅਮਰੀਕਾ ਮਹਾਤਮਾ ਗਾਂਧੀ ਦੇ ਸੱਚਾਈ ਅਤੇ ਅਹਿੰਸਾ ਦੇ ਸਥਾਈ ਸੰਦੇਸ਼ ਨਾਲ ਨਿਰਦੇਸ਼ਤ ਭਾਰਤ ਦੀ ਲੋਕਤੰਤਰੀ ਯਾਤਰਾ ਦੇ ਸਨਮਾਨ ਵਿੱਚ ਉਸ ਦੇ ਲੋਕਾਂ ਨਾਲ ਹੈ। ਉਨ੍ਹਾਂ ਕਿਹਾ ਕਿ ਇਸ ਸਾਲ, ਅਸੀਂ ਆਪਣੇ ਮਹਾਨ ਲੋਕਤੰਤਰਾਂ ਵਿਚਕਾਰ ਕੂਟਨੀਤਕ ਸਬੰਧਾਂ ਦੀ 75ਵੀਂ ਵਰ੍ਹੇਗੰਢ ਵੀ ਮਨਾ ਰਹੇ ਹਾਂ। ਭਾਰਤ ਅਤੇ ਅਮਰੀਕਾ ਲਾਜ਼ਮੀ ਸਾਂਝੇਦਾਰ ਹਨ ਅਤੇ ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਕਾਨੂੰਨ ਦੇ ਰਾਜ ਅਤੇ ਮਨੁੱਖੀ ਆਜ਼ਾਦੀ ਅਤੇ ਸਨਮਾਨ ਨੂੰ ਉਤਸ਼ਾਹਿਤ ਕਰਨ ਦੀ ਸਾਡੀ ਸਾਂਝੀ ਵਚਨਬੱਧਤਾ ‘ਤੇ ਟਿਕੀ ਹੈ। ਸਾਡੀ ਸਾਂਝੇਦਾਰੀ ਦੋਵਾਂ ਦੇਸ਼ਾਂ ਦੇ ਡੂੰਘੇ ਸਬੰਧਾਂ ਨਾਲ ਹੋਰ ਮਜ਼ਬੂਤ ਹੋਈ ਹੈ।

# ਨੇਪਾਲ ਨੂੰ 15 ਅਰਬ ਦੀ ਮੱਦਦ ਦੇਵੇਗਾ ਚੀਨ

ਕਠਮੰਡੂ:ਵਿਦੇਸ਼ ਮੰਤਰੀ ਨਾਰਾਇਣ ਖੜਕਾ ਨੇ ਆਪਣੇ ਚੀਨੀ ਹਮਰੁਤਬਾ ਵਾਂਗ ਯੀ ਨਾਲ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਗੱਲਬਾਤ ਕੀਤੀ, ਜਿਸ ਮਗਰੋਂ ਚੀਨ ਨੇ ਨੇਪਾਲ ਦੇ ਹਿਮਾਲਿਆਈ ਖੇਤਰ ਦੇ ਵੱਖ ਵੱਖ ਪ੍ਰਾਜੈਕਟਾਂ ਵਿੱਚ ਨਿਵੇਸ਼ ਕਰਨ ਲਈ 15 ਅਰਬ ਰੁਪਏ ਦੀ ਮਦਦ ਕਰਨ ਦਾ ਵਾਅਦਾ ਕੀਤਾ ਹੈ। ਖੜਕਾ ਨੇ ਚੀਨ ਦੇ ਦੌਰੇ ਦੌਰਾਨ ਬੁੱਧਵਾਰ ਨੂੰ ਪੂਰਬੀ ਚੀਨ ਦੇ ਸ਼ਹਿਰ ਕਿੰਗਦਾਓ ਵਿੱਚ ਵਾਂਗ ਨਾਲ ਮੁਲਾਕਾਤ ਕੀਤੀ। ਨੇਪਾਲ ਦੇ ਵਿਦੇਸ਼ ਮੰਤਰੀ ਨੇ ਇੱਥੇ ਇੱਕ ਬਿਆਨ ਵਿੱਚ ਕਿਹਾ, ‘‘ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਨੇਪਾਲ-ਚੀਨ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਪਹਿਲੂਆਂ ਦਾ ਜਾਇਜ਼ਾ ਲਿਆ ਅਤੇ ਵਪਾਰ, ਨਿਵੇਸ਼, ਸਿਹਤ, ਸੈਰ-ਸਪਾਟਾ, ਖੇਤੀ, ਗਰੀਬੀ ਖ਼ਤਮ ਕਰਨ, ਆਫ਼ਤ ਪ੍ਰਬੰਧਨ, ਸਿੱਖਿਆ ਅਤੇ ਹੋਰ ਵੱਖ ਵੱਖ ਖੇਤਰਾਂ ਵਿੱਚ ਸਹਿਯੋਗ ਵਧਾਉਣ ਲਈ ਸਹਿਮਤ ਹੋਏ।


TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਭਾਰਤ ਨੂੰ ‘ਹਿੰਦੂ ਰਾਸ਼ਟਰ’ ਬਣਾਉਣ ਵਿਚ ਲੱਗੀ ‘ਪੈਦਲ ਫੌਜ’ ਦੀ ਅਸਲ ਲੜਾਈ ਹੈ ਕੀ?

ਦਿੱਲੀ (ਵਿਨੀਤ ਖਰੇ ਬੀਬੀਸੀ ਪੱਤਰਕਾਰ):ਕੁਝ ਸਾਲ ਪਹਿਲਾਂ ਤੱਕ ਜਦੋਂ ਧਰਮ ਨਿਰਪੱਖ਼ ਭਾਰਤ ਨੂੰ ਹਿੰਦੂ ਰਾਸ਼ਟਰ ਦੀ ਦਿਸ਼ਾ ਵਿੱਚ ਲੈ ਕੇ ਜਾਣ ਦੀ ਕੋਈ ਗੱਲ ਕਰਦਾ ਸੀ ਤਾਂ ਸੰਵਿਧਾਨ ਦੇ ਆਧਾਰ ‘ਤੇ ਅਜਿਹੀਆਂ ਗੱਲਾਂ ਨਿਰੋਲ ਕਲਪਨਾ ਲੱਗਦੀਆਂ ਸਨ।ਅੱਜ ਭਾਰਤ ਦੀ ਆਜ਼ਾਦੀ ਦੇ 75ਵੇਂ ਸਾਲ ਵਿੱਚ ਹਿੰਦੂ ਰਾਸ਼ਟਰ ਦੀ ਧਾਰਨਾ ਬਾਰੇ ਲੁਕ-ਛਿਪ ਕੇ ਨਹੀਂ ਖੁੱਲ੍ਹ ਕੇ ਮੀਡੀਆ ਵਿੱਚ ਗੱਲ ਹੋ ਰਹੀ ਹੈ। ਭਾਸ਼ਣ ਦਿੱਤੇ ਜਾ ਰਹੇ ਅਤੇ ਵੀਡਿਓ ਬਣਾਏ ਜਾ ਰਹੇ ਹਨ।ਹਾਲ ਹੀ ਵਿੱਚ ਭਾਜਪਾ ਦੇ ਹਰਿਆਣਾ ਤੋਂ ਇੱਕ ਵਿਧਾਇਕ ਨੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਸੰਕਲਪ ਲਿਆ।ਬਿਹਾਰ ਬੀਜੇਪੀ ਵਿੱਚੋਂ ਵੀ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਮੰਗ ਉੱਠੀ ਹੈ।ਆਰਐੱਸਐੱਸ ਪ੍ਰਮੁੱਖ ਮੋਹਨ ਭਾਗਵਤ ਨੇ ਕਿਹਾ ਹੈ ਕਿ ਭਾਰਤ ਹਿੰਦੂ ਰਾਸ਼ਟਰ ਹੈ ਅਤੇ ਇਸ ‘ਤੇ ਬਹਿਸ ਨਹੀਂ ਹੋ ਸਕਦੀ।ਗੋਆ ਵਿੱਚ ਹੋਏ ਅਖਿਲ ਭਾਰਤੀ ਹਿੰਦੂ ਰਾਸ਼ਟਰ ਸੰਮੇਲਨ ਦੇ ਪ੍ਰਬੰਧਕ ਹਿੰਦੂਤਵੀ ਸੰਗਠਨ ਹਿੰਦੂ ਜਨਜਾਗ੍ਰਿਤੀ ਸਮਿਤੀ ਨੇ ਕਿਹਾ ਕਿ ਸਾਲ 2025 ਤੱਕ ਹਿੰਦੂ ਰਾਸ਼ਟਰ ਕਾਇਮ ਹੋ ਜਾਵੇਗਾ।ਹਿੰਦੂ ਰਾਸ਼ਟਰ ਬਣਾਉਣ ਦੀਆਂ ਕਾਨੂੰਨੀ, ਸਮਾਜਿਕ ਗੁੰਝਲਾਂ ਤਾਂ ਇੱਕ ਪਾਸੇ ਹਨ ਹੀ, ਇਸ ਮੰਗ ਨੂੰ ਅੱਗੇ ਵਧਾਉਣ ਵਿੱਚ ਹਿੰਦੂਤਵੀ ਸੰਗਠਨਾਂ, ਆਗੂਆਂ ਦੀ ਅਹਿਮ ਭੂਮਿਕਾ ਵੀ ਰਹੀ ਹੈ।ਇਨ੍ਹਾਂ ਸੰਗਠਨਾਂ ਦੀ ਗਿਣਤੀ ਪਿਛਲੇ ਸਾਲਾਂ ਵਿੱਚ ਵਧੀ ਹੈ। ਇਹ ਕਿੰਨੀ ਵਧੀ ਹੈ, ਇਸ ਬਾਰੇ ਅੰਕੜੇ ਉਪਲੱਬਧ ਨਹੀਂ ਹਨ।ਇਨ੍ਹਾਂ ਸਮੂਹਾਂ ਦੀ ਕੋਸ਼ਿਸ਼ ਰਹਿੰਦੀ ਹੈ ਕਿ ਉਹ ਆਪਣੀਆਂ ਨਿਯਮਤ ਗਤੀਵਿਧੀਆਂ, ਵਿਵਾਦਿਤ ਅਤੇ ਫਿਰਕੂ ਭਾਸ਼ਣਾਂ ਨਾਲ ਆਮ ਹਿੰਦੂਆਂ ਦੇ ਵਿਚਕਾਰ ਖੁਦ ਨੂੰ ਪ੍ਰਸੰਗਿਕ ਬਣਾ ਕੇ ਰੱਖਣ।ਉਨ੍ਹਾਂ ਨੂੰ ਪਤਾ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਿਵੇਂ ਕੀਤੀ ਜਾਵੇ ਅਤੇ ਮੀਡੀਆ ਵਿੱਚ ਕਿਵੇਂ ਪ੍ਰਾਈਮ ਟਾਈਮ ‘ਤੇ ਦਬਦਬਾ ਬਣਾਇਆ ਜਾਵੇ।ਇੱਕ ਦੂਜੀ ਸੋਚ ਇਹ ਹੈ ਕਿ ਇਹ ਗੁੱਟ ਫਰਿੰਜ਼ ਯਾਨੀ ਹਾਸ਼ੀਏ ‘ਤੇ ਵਿਚਰ ਰਹੇ ਲੋਕ ਨਹੀਂ ਬਲਕਿ ਮੁੱਖ ਧਾਰਾ ਵਿਚ ਹਨ।ਸਮਾਜ ਵਿੱਚ ਧਰਮ ਦੇ ਨਾਮ ‘ਤੇ ਕੱਟੜਪੁਣੇ ਨੂੰ ਉਤਸ਼ਾਹਿਤ ਕਰ ਰਹੇ ਹਨ ਅਤੇ ਹਿੰਦੂ ਸਮਾਜ ਦੀ ਸੋਚ ਨੂੰ ਵੱਡੇ ਤੌਰ ‘ਤੇ ਪ੍ਰਭਾਵਿਤ ਕਰ ਰਹੇ ਹਨ। ਹਰ ਧਰਮ ਦੇ ਅਜਿਹੇ ਕੱਟੜ ਗਰੁੱਪਾਂ ਦੀ ਭੂਮਿਕਾ ਅਤੇ ਕੰਮ ਕਰਨ ਦਾ ਢੰਗ ਇਸੇ ਤਰ੍ਹਾਂ ਦਾ ਹੁੰਦਾ ਹੈ।ਪੱਤਰਕਾਰ ਅਤੇ ਲੇਖਕ ਧੀਰੇਂਦਰ ਝਾਅ ਲੰਬੇ ਅਰਸੇ ਤੋਂ ਹਿੰਦੂਤਵੀ ਵਿਚਾਰਧਾਰਾ ਦੇ ਵਧਦੇ ਦਬਦਬੇ ‘ਤੇ ਕੰਮ ਕਰ ਰਹੇ ਹਨ।ਆਪਣੀ ਕਿਤਾਬ ‘’ਸ਼ੈਡੋ ਆਰਮੀਜ਼ ਫਰਿੰਜ ਆਰਗੇਨਾਈਜੇਸ਼ਨਜ਼ ਐਂਡ ਫੁੱਟ ਸੋਲਜ਼ਰਜ਼ ਆਫ ਹਿੰਦੂਦਵ’’ ਵਿੱਚ ਉਹ ਲਿਖਦੇ ਹਨ ਕਿ ਪਿਛਲੇ ਤਿੰਨ ਦਹਾਕਿਆਂ ਵਿੱਚ ਭਾਰਤ ਵਿੱਚ ਹਿੰਦੂਤਵ ਦੀ ਰਾਜਨੀਤੀ ਹੈਰਾਨੀਜਨਕ ਰੂਪ ਵਿੱਚ ਮਜ਼ਬੂਤ ਹੋਈ ਹੈ।ਹਿੰਦੂਤਵ ਬਰਾਂਡ ਸਿਆਸਤ ਦੀਆਂ ਕਈ ਤਹਿਆਂ ਹਨ-ਨਾ ਸਿਰਫ਼ ਭਾਜਪਾ ਸਗੋਂ ਇਸ ਦੀ ਛਤਰ ਛਾਇਆ ਵਿੱਚ ਕੰਮ ਕਰਨ ਵਾਲੇ ਵੀ ਅਹਿਮ ਭੂਮਿਕਾ ਵਿੱਚ ਆ ਗਏ ਹਨ।‘’ਉਹ ਲਿਖਦੇ ਹਨ, ‘’ਇਹ ਸਾਰੇ ਇੱਕ ਹੀ ਮਕਸਦ ਲਈ



ਕੰਮ ਕਰ ਰਹੇ ਹਨ ਕਿ ਇੱਕ ਖਾਸ ਭਾਈਚਾਰੇ ਯਾਨੀ ਹਿੰਦੂਆਂ ਕੋਲ ਵਿਸ਼ੇਸ਼ ਅਧਿਕਾਰ ਹੋਵੇ ਅਤੇ ਉਹੀ ਰਾਸ਼ਟਰੀ ਪਛਾਣ ਨੂੰ ਪਰਿਭਾਸ਼ਿਤ ਕਰਨ।‘’ਉਨ੍ਹਾਂ ਦਾ ਮੰਨਣਾ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ ਵਰਗਾ ਸੰਗਠਨ ਇਸ ਤਰ੍ਹਾਂ ਦੀ ਰਾਜਨੀਤੀ ਦੀ ਅਗਵਾਈ ਕਰਦਾ ਹੈ।ਇਲਜ਼ਾਮ ਲੱਗਦੇ ਰਹੇ ਹਨ ਕਿ ਹਿੰਦੂ ਹਿੱਤਾਂ ਦੀ ਗੱਲ ਕਰਨ ਵਾਲੇ ਹਿੰਦੂਤਵੀ ਗੁੱਟਾਂ ਦਾ ਸਿੱਧੇ ਤੌਰ ‘ਤੇ ਆਰਐੱਸਐੱਸ ਨਾਲ ਸਬੰਧ ਨਾ ਹੋਵੇ, ਪਰ ਉਨ੍ਹਾਂ ਦੀ ਸੋਚ, ਉਨ੍ਹਾਂ ਦਾ ਏਜੰਡਾ ਆਰਐੱਸਐੱਸ ਤੋਂ ਪ੍ਰਭਾਵਿਤ ਰਿਹਾ ਹੈ।ਆਰਐੱਸਐੱਸ ਵਿਚਾਰਕ ਅਤੇ ਸੰਸਦ ਮੈਂਬਰ ਰਾਕੇਸ਼ ਸਿਨਹਾ ਇਨ੍ਹਾਂ ਇਲਜ਼ਮਾਂ ਤੋਂ ਇਨਕਾਰ ਕਰਦੇ ਹਨ।ਬੀਬੀਸੀ ਨਾਲ ਗੱਲਬਾਤ ਵਿੱਚ ਉਨ੍ਹਾਂ ਨੇ ਕਿਹਾ, ‘’130 ਕਰੋੜ ਦੇ ਦੇਸ਼ ਵਿੱਚ ਬਹੁ-ਸੱਭਿਆਚਾਰਾਂ ਦੇ ਕਾਰਨ ਆਪਸ ਵਿੱਚ ਵਿਰੋਧਾਭਾਸ ਹਨ।ਉਸ ਕਾਰਨ ਛੋਟੀਆਂ ਮੋਟੀਆਂ ਸਮੱਸਿਆਵਾਂ ਆ ਰਹੀਆਂ ਹਨ। ਛੋਟੇ ਮੋਟੇ ਬਿਆਨ ਸਭ ਜਗ੍ਹਾ ਤੋਂ ਆ ਰਹੇ ਹਨ।ਬਜਰੰਗ ਮੁਨੀ ਖੈਰਾਬਾਦ ਸਥਿਤ ਮਹਾਰਿਸ਼ੀ ਸ਼੍ਰੀ ਲਕਸ਼ਮਣ ਦਾਸ ਉਦਾਸੀ ਆਸ਼ਰਮ ਦੇ ਮਹੰਤ ਹਨ।ਕੁਝ ਮਹੀਨੇ ਪਹਿਲਾਂ ਬਜਰੰਗ ਮੁਨੀ ਦਾ ਇੱਕ ਵੀਡਿਓ ਵਾਇਰਲ ਹੋਇਆ ਸੀ, ਜਿਸ ਵਿੱਚ ਉਹ ਮੁਸਲਮਾਨ ਨੂੰਹਾਂ-ਧੀਆਂ ਦੇ ਬਲਾਤਕਾਰ ਦੀ ਧਮਕੀ ਦਿੰਦੇ ਹੋਏ ਦਿਖੇ। ਵੀਡਿਓ ‘ਤੇ ਕਾਫ਼ੀ ਹੰਗਾਮਾ ਹੋਇਆ ਜਿਸ ਤੋਂ ਬਾਅਦ ਬਜਰੰਗ ਮੁਨੀ ਨੇ ਮਾਫ਼ੀ ਵੀ ਮੰਗ ਲਈ। ਉਨ੍ਹਾਂ ਨੂੰ ਅਪ੍ਰੈਲ ਮਹੀਨੇ ਵਿੱਚ ਇਸ ਮਾਮਲੇ ਵਿੱਚ ਜ਼ਮਾਨਤ ਮਿਲ ਗਈ ਹੈ। ਬੀਸੀ ਨਾਲ ਗੱਲਬਾਤ ਵਿੱਚ ਬਜਰੰਗ ਮੁਨੀ ਨੇ ਆਪਣੇ ਮੁਸਲਿਮ ਬਹੂ-ਬੇਟੀਆਂ ਨਾਲ ਬਲਾਤਕਾਰ ਵਾਲੇ ਬਿਆਨ ‘ਤੇ ਕਿਹਾ ਸੀ, ‘’ਮੈਂ ਇਹੀ ਕਿਹਾ ਕਿ ਜੇਕਰ ਤੁਸੀਂ ਸਾਡੀਆਂ ਹਿੰਦੂ ਨੂੰਹਾਂ-ਧੀਆਂ ਨਾਲ ਅਜਿਹਾ ਕਰੋਗੇ ਤਾਂ ਅਜਿਹਾ ਹੋਵੇਗਾ। ਮੈਂ ਅੱਜ ਵੀ ਮੰਨ ਰਿਹਾ ਹਾਂ ਕਿ ਉਹ ਚਾਰ ਸ਼ਬਦ ਮੇਰੇ ਮੂੰਹ ਤੋਂ ਗਲਤ ਨਿਕਲੇ, ਪਰ ਉਹ ਵੀ ਮੈਂ ਕੰਡੀਸ਼ਨਲ ਬੋਲਿਆ ਸੀ।‘’ਮੁਸਲਮਾਨਾਂ ਅਤੇ ਈਸਾਈਆਂ ਦੀ ਨਾਗਰਿਕਤਾ ਖਤਮ ਕਰਨ ਅਤੇ ਜਨਸੰਖਿਆ ਕੰਟਰੋਲ ਕਾਨੂੰਨ ਬਣਾਉਣ ਵਰਗੀ ਮੰਗ ਕਰਨ ਵਾਲੇ ਬਜਰੰਗ ਮੁਨੀ ਕਹਿੰਦੇ ਹਨ, ‘’ਧਰਮ ਦੇ ਆਧਾਰ ‘ਤੇ ਸਾਡੀ ਵੰਡ ਹੋਈ। (ਅਸੀਂ) ਹਿੰਦੂ ਰਾਸ਼ਟਰ ਪਹਿਲਾਂ ਤੋਂ ਹਾਂ।ਇਨ੍ਹਾਂ ਨੂੰ ਭਜਾਉਣ ਦੀ ਜ਼ਰੂਰਤ ਹੈ।‘’ਉਨ੍ਹਾਂ ਨੇ ਦੱਸਿਆ ਕਿ ਫਰਵਰੀ 2021 ਨੂੰ ਕਿਸੇ ਨੇ ਉਨ੍ਹਾਂ ਦੀ ਰੀੜ੍ਹ ਵਿੱਚ ਚਾਕੂ ਮਾਰ ਦਿੱਤਾ ਸੀ, ਜਿਸ ਕਾਰਨ ਉਹ ਤੁਰ ਵੀ ਨਹੀਂ ਸਕਦੇ ਹਨ ਅਤੇ ਉਨ੍ਹਾਂ ਨੂੰ ‘’ਚੌਵੀ ਘੰਟੇ ਦਰਦ ਰਹਿੰਦਾ ਹੈ।‘’ਉਨ੍ਹਾਂ ਨੇ ਦੱਸਿਆ, ‘’ਮੇਰੇ ਉੱਪਰ ਨੌਂ ਹਮਲੇ ਹੋ ਗਏ, ਚਾਕੂ ਨਾਲ ਮੈਨੂੰ ਜ਼ਖ਼ਮੀ ਕਰ ਦਿੱਤਾ। ਕਿਸੇ ਮੀਡੀਆ ਨੇ ਦਿਖਾਇਆ ਨਹੀਂ।‘’ਇੰਦੌਰ ਤੋਂ ਬੀਬੀਏ ਕਰਨ ਤੋਂ ਬਾਅਦ ਉਨ੍ਹਾਂ ਦੀ ਕੋਇੰਮਬਟੂਰ ਵਿੱਚ ਸਾਲ 2007 ਵਿੱਚ ਜੈੱਟ ਏਅਰਵੇਜ਼ ਵਿੱਚ ਕੈਂਪਸ ਸਿਲੈਕਸ਼ਨ ਹੋ ਗਈ। ਉੱਥੇ ਉਨ੍ਹਾਂ ਦੀ ਸੰਤਾਂ ਨਾਲ ਮੁਲਾਕਾਤ ਹੋਈ, ਜਿਸ ਦੇ ਬਾਅਦ ਉਹ ਹੌਲੀ ਹੌਲੀ ਹਿੰਦੂਤਵੀ ਵਿਚਾਰਧਾਰਾ ਵੱਲ ਖਿੱਚੇ ਗਏ।ਸ਼ੁਰੂਆਤ ਵਿੱਚ ਉਹ ਗਊ ਰੱਖਿਆ ਨਾਲ ਜੁੜੇ ਰਹੇ ਅਤੇ ‘’ਗਊ ਤਸਕਰੀ ਲਈ ਜਾਣ ਵਾਲੀਆਂ ਜਿੰਨੀਆਂ ਵੀ ਗੱਡੀਆਂ ਹੁੰਦੀਆਂ ਸਨ, ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕਰਦੇ ਸੀ।‘’ਬਜਰੰਗ ਮੁਨੀ ਆਸਟ੍ਰੇਲੀਆਈ ਨਾਗਰਿਕ ਗ੍ਰਾਹਮ ਸਟੈਂਸ ਅਤੇ ਉਨ੍ਹਾਂ ਦੇ ਦੋ ਬੱਚਿਆਂ ਦੀ ਹੱਤਿਆ ਮਾਮਲੇ ਵਿੱਚ ਦੋਸ਼ੀ ਪਾਏ ਗਏ ਦਾਰਾ ਸਿੰਘ ਨੂੰ ‘’ਦੇਵਦੂਤ’’ ਮੰਨਦੇ ਹਨ ਕਿਉਂਕਿ ‘’ਉਨ੍ਹਾਂ ਨੇ ਨਿਰਸਵਾਰਥ ਭਾਵਨਾ ਨਾਲ ਕੰਮ ਕੀਤਾ।‘’ਆਸਟ੍ਰੇਲੀਆਈ ਇਸਾਈ ਮਿਸ਼ਨਰੀ ਗ੍ਰਾਹਮ ਸਟੈਂਸ ਅਤੇ ਉਨ੍ਹਾਂ ਦੇ ਦੋ ਪੁੱਤਰਾਂ ਨੂੰ ਸਾਲ 1999 ਵਿੱਚ ਉੜੀਸਾ ਦੇ ਪਿੰਡ ਵਿੱਚ ਅੱਗ ਲਾ ਕੇ ਸਾੜ ਦਿੱਤਾ ਗਿਆ ਸੀ। ਉਹ ਉੱਥੇ ਕੋਹੜ ਦੇ ਮਰੀਜ਼ਾਂ ਲਈ ਕੰਮ ਕਰਦੇ ਸਨ।ਕੱਟੜਵਾਦੀ ਹਿੰਦੂ ਗੁੱਟਾਂ ਦਾ ਇਲਜ਼ਾਮ ਸੀ ਕਿ ਉਹ ਗਰੀਬ ਹਿੰਦੂਆਂ ਦਾ ਜ਼ਬਰਦਸਤੀ ਧਰਮ ਬਦਲਵਾਉਂਦੇ ਸਨ।ਬਜਰੰਗ ਮੁਨੀ ਦੇ ਮੁਤਾਬਕ ‘’ਸੈਕੂਲਰ ਲੋਕ ਤਾਂ ਕਹਿਣਗੇ ਕਿ ਉਸ ਨੇ ਗਲਤ ਕੀਤਾ...ਜੋ ਵਿਅਕਤੀ 19 ਸਾਲ ਤੋਂ ਜੇਲ੍ਹ ਵਿੱਚ ਹੈ ਅਤੇ ਉਸ ਨੂੰ ਕੋਈ ਹਿੰਦੂ ਸੁੱਕੀ ਰੋਟੀ ਵੀ ਨਹੀਂ ਦੇ ਰਿਹਾ ਹੈ। ਉਹ ਇੰਨੇ ਤਸੀਹੇ ਝੱਲ ਰਿਹਾ ਹੈ। ਜੇਕਰ ਕੋਈ ਦੂਜਾ ਵਿਅਕਤੀ ਹੁੰਦਾ ਤਾਂ ਅਲੱਗ ਗੱਲ ਕਰਦਾ, ਪਰ ਉਸ ਵਿਅਕਤੀ ਨੇ ਕਿਹਾ, ਮੈਂ ਜੇਲ੍ਹ ਤੋਂ ਬਾਹਰ ਨਿਕਲਾਂਗਾ ਤਾਂ ਧਰਮ ਰੱਖਿਆ ਹੀ ਕਰਾਂਗਾ।‘’

ਸੀਤਾਪੁਰ ਤੋਂ ਥੋੜ੍ਹੀ ਦੂਰ ਉੱਤਰ ਪ੍ਰਦੇਸ਼ ਦੇ ਇੱਕ ਹੋਰ ਸ਼ਹਿਰ ਆਗਰਾ ਦੇ ਗੋਵਿੰਦ ਪਰਾਸ਼ਰ ਰਾਸ਼ਟਰੀ ਹਿੰਦੂ ਪ੍ਰੀਸ਼ਦ ਭਾਰਤ ਦੇ ਪ੍ਰਮੁੱਖ ਹਨ।38 ਸਾਲ ਦੇ ਪਰਾਸ਼ਰ ਦਾ ਦਾਅਵਾ ਹੈ ਕਿ ਵਿਸ਼ਵ-ਪ੍ਰਸਿੱਧ ਤਾਜ ਮਹਿਲ ਇੱਕ ਵਕਤ ਤੇਜੋ ਮਹਿਲ ਮੰਦਿਰ ਸੀ, ਜਿਸ ਨੂੰ ਤੋੜ ਦਿੱਤਾ ਗਿਆ ਸੀ।ਹਾਲਾਂਕਿ ਉਨ੍ਹਾਂ ਦੇ ਦਾਅਵੇ ਦੇ ਪੱਖ਼ ਵਿੱਚ ਕੋਈ ਪੁਰਾਤੱਤਵ ਸਬੂਤ ਨਹੀਂ ਹਨ।ਕੁਝ ਸਾਲ ਪਹਿਲਾਂ ਜਦੋਂ ਉਨ੍ਹਾਂ ਨੇ ਅਤੇ ਹੋਰ ਹਿੰਦੂਤਵੀ ਸੰਗਠਨਾਂ ਨੇ ਤਾਜ ਮਹਿਲ ਵਿੱਚ ਆਰਤੀ ਦੀ ਮੰਗ ਕੀਤੀ, ਉਦੋਂ ਉਹ ਸੁਰਖੀਆਂ ਵਿੱਚ ਆਏ।ਤਾਜ ਮਹਿਲ ਦੇ ਅੰਦਰ ਕਬਰਾਂ ਦੇ ਬਾਰੇ ਵਿੱਚ ਉਹ ਕਹਿੰਦੇ ਹਨ, ‘’ਉਹ ਮਜਾਰ ਨਹੀਂ ਹੈ, ਤੇਜੋ ਮਹਿਲ ਦੀ ਪਿੰਡੀ ਹੈ, ਜਿਸ ‘ਤੇ ਪਾਣੀ ਟਪਕਦਾ ਹੈ।‘’ਜਦੋਂ ਤਾਜ ਮਹਿਲ ਵਿੱਚ ਆਰਤੀ ਦੇ ਐਲਾਨ ‘ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ।ਗੋਵਿੰਦ ਪਰਾਸ਼ਰ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਜੇਲ੍ਹ ਦੀ ਜ਼ਿੰਦਗੀ ਦੇ ਦੌਰਾਨ ਉਨ੍ਹਾਂ ਨੂੰ ਬਜਰੰਗ ਦਲ ਵੱਲੋਂ ਕੋਈ ਮਦਦ ਨਹੀਂ ਮਿਲੀ।ਜਿਸ ਕਾਰਨ ਉਨ੍ਹਾਂ ਨੇ ਸੰਗਠਨ ਛੱਡ ਦਿੱਤਾ ਅਤੇ ਆਪਣਾ ਖੁਦ ਦਾ ਸੰਗਠਨ ਬਣਾਇਆ।ਪਰਾਸ਼ਰ ਦਾ ਦਾਅਵਾ ਹੈ ਕਿ ਪੂਰੇ ਦੇਸ਼ ਵਿੱਚ ਰਾਸ਼ਟਰੀ ਹਿੰਦੂ ਪ੍ਰੀਸ਼ਦ ਵਿੱਚ ਭਾਰਤ ਦੇ ਕਰੀਬ ਦੋ ਲੱਖ ਮੈਂਬਰ ਹਨ ਅਤੇ ਉਨ੍ਹਾਂ ਦੇ ਕਾਰਜਾਂ ਵਿੱਚ ‘’ਹਿੰਦੂਆਂ ਨੂੰ ਅੱਗੇ ਵਧਾਉਣਾ, ਹਿੰਦੂਆਂ ਨੂੰ ਸਮਝਾਉਣਾ ਕਿ ਆਪਣੇ ਭਰਾਵਾਂ, ਭੈਣਾਂ ਦੀ ਮਦਦ ਕਿਵੇਂ ਕਰਨੀ ਹੈ, ਗਊ ਮਾਤਾ ਦੀ ਮਦਦ ਕਿਵੇਂ ਕਰਨੀ ਹੈ’’ ਵਰਗੇ ਕੰਮ ਹਨ।ਆਗਰਾ ਤੋਂ ਦੂਰ ਭੋਪਾਲ ਵਿਚ ਵੀ ਇੱਕ ਹਿੰਦੂਤਵੀ ਗੁੱਟ ਹੈ।ਸੰਸਕ੍ਰਿਤੀ ਬਚਾਓ ਮੰਚ ਨਾਂ ਦੀ ਇਸ ਜਥੇਬੰਦੀ ਦਾ ਮਾਟੋ ਹੈ- ‘’ਸਾਡਾ ਸੱਭਿਆਚਾਰ, ਸਾਡਾ ਵਿਰਸਾ।‘’ਮੰਚ

(ਬਾਕੀ ਸਫਾ ਬੀ12 ਤੇ)


GOLDEN STAR PAINTING

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ
ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ
ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750

UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.






Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL
- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# ਮੁਸ਼ਕਿਆ ਪਾਣੀ ਕਿਉਂ ਪੀਣ ਅਕਾਲੀ ?

ਪਿੰਡ ਦੀ ਸੱਥ ਵਿੱਚ ਬੈਠੇ ਬਜੁਰਗ ਇੱਕ ਲੋਕ-ਰੁਚੀ ਕਹਾਣੀ ਸੁਣਾਇਆ ਕਰਦੇ ਸਨ ਕਿ ਕੋਈ ਮੁਸਾਫਿਰ ਇੱਕ ਪਿੰਡ ਲਾਗਿਉਂ ਲੰਘਿਆ।ਉਹ ਇਹ ਦੇਖ ਕੇ ਹੈਰਾਨ ਹੋਇਆ ਕਿ ਪਿੰਡ ਵਾਸੀ ਕਈ ਜਣੇ ਖੂਹੀ ਵਿੱਚੋਂ ਪਾਣੀ ਕੱਢ ਰਹੇ ਸਨ ਤੇ ਬੱਚੇ ਬੀਬੀਆਂ ਘੜੇ ਬਾਲਟੀਆਂ ਭਰ ਭਰ ਕੇ ਬਾਹਰ ਸੁੱਟੀ ਜਾ ਰਹੇ ਸਨ।ਮੁਸਾਫਿਰ ਨੇ ਪੁੱਛਿਆ ਕਿ ਸੱਜਣੋ ਇਹ ਕੀ

ਕਰਨ ਡਹੇ ਹੋ ?ਪਿੰਡ ਵਾਲ਼ਿਆਂ ਦੱਸਿਆ ਕਿ ਸਾਡੇ ਪਿੰਡ ’ਚ ਇਹੋ ਇੱਕ ਖੂਹੀ ਹੈ ਪਰ ਕਈ ਦਿਨਾਂ ਤੋਂ ਇਹਦਾ ਪਾਣੀ ਮੁਸ਼ਕ ਗਿਆ ਹੈ।ਅਸੀਂ ਕੱਲ੍ਹ ਦੇ ਪਾਣੀ ਕੱਢ ਕੱਢ ਵਗਾਉਣ ਲੱਗੇ ਹੋਏ ਹਾਂ ਕਿ ਮੁਸ਼ਕਿਆ ਪਾਣੀ ਮੁੱਕ ਜਾਵੇ ਗਾ।ਪਰ ਕਈ ਘੰਟੇ ਪਾਣੀ ਕੱਢਣ ਮਗਰੋਂ ਪਾਣੀ ਚੈੱਕ ਕਰ ਕੇ ਦੇਖਦੇ ਹਾਂ ਮੁਸ਼ਕ ਖਤਮ ਹੀ ਨਹੀਂ ਹੁੰਦਾ। ਅਸੀਂ ਫੇਰ ਸਾਰੇ ਜਣੇ ਖੂਹੀ ’ਚੋਂ ਪਾਣੀ ਕੱਢਣ ਡਹਿ ਪੈਂਦੇ ਹਾਂ ਪਰ ਸਫਲਤਾ ਨਹੀਂ ਮਿਲ ਰਹੀ!

ਮੁਸਾਫਿਰ ਬੜਾ ਸੂਝਵਾਨ ਸੀ।ਕਹਿੰਦੇ ਉਸਨੇ ਪਾਣੀ ਕੱਢ ਕੱਢ ਹਫੇ ਪਏ ਪਿੰਡ ਵਾਸੀਆਂ ਨੂੰ ਰੋਕ ਦਿੱਤਾ ਅਤੇ ਕਿਹਾ ਕਿ ਮੈਂ ਗੋਤਾ-ਖੋਰੀ ਵੀ ਜਾਣਦਾ ਹਾਂ,ਇਸ ਕਰਕੇ ਮੈਨੂੰ ਰੱਸਿਆਂ ਦੀ ਮੱਦਦ ਨਾਲ ਖੂਹੀ ’ਚ ਉਤਾਰੋ।ਪਿੰਡ ਵਾਲਿਆਂ ਪਲ ਨਾ ਲਾਇਆ।ਜਦ ਮੁਸਾਫਿਰ ਖੂਹੀ ’ਚੋਂ ਬਾਹਰ ਨਿਕਲਿਆ ਤਾਂ ਉਹਦੇ ਹੱਥ ਵਿੱਚ ਇੱਕ ਮਰੀ ਹੋਈ ਬਿੱਲੀ ਸੀ ! ਪਿੰਡ ਵਾਲਿਆਂ ਨੂੰ ਹੁਣ ਪਤਾ ਲੱਗਿਆ ਕਿ ਪਾਣੀ ’ਚੋਂ ਗੰਦਾ ਮੁਸ਼ਕ ਆਉਣੋ ਕਿਉਂ ਨਹੀਂ ਸੀ ਬੰਦ ਹੁੰਦਾ !

ਇਸੇ ਤਰਾਂ ਸਿੱਖ ਜਗਤ ਦੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਖੂਹੀ, ਬੜਾ ਠੰਢਾ ਮਿੱਠਾ ਜਲ ਦੇ ਰਹੀ ਸੀ ਪਰ

ਪਿਛਲੇ ਕਈ ਵਰ੍ਹਿਆਂ ਤੋਂ ਇਸਦਾ ਪਾਣੀ ਮੁਸ਼ਕ ਮਾਰਨ ਲੱਗਿਆ ਸੀ! ਕਾਫੀ ਸਮਾਂ ਤਾਂ ਇਸ ਖੂਹੀ ਦੇ ‘ਮਾਲਕ’ ਬਣੇ ਬੈਠੇ ਟੱਬਰ ਵਾਲ਼ੇ ਧੱਕੇ ਨਾਲ਼ ਹੀ ਮੁਸ਼ਕਿਆ ਪਾਣੀ ਪਿਲ਼ਾਈ ਗਏ, ਤੇ ਪੀਣ ਵਾਲ਼ੇ ਵੀ ਨੱਕ-ਬੁਲ੍ਹ ਵੱਟ ਕੇ ਪੀਈ ਗਏ। ਪਰ ਜਦ ਮਾਲਕਾਂ ਨੇ ਅੱਤਿ ਹੀ ਚੱਕ ਲਈ.......ਖੂਹੀ ਵਿੱਚ ਬਿਅਦਬੀ-ਕਾਂਡ, ਬਹਿਬਲ ਕਲਾਂ ਤੇ ਕੋਟਕਪੂਰੇ ਦੇ ਗੋਲ਼ੀ-ਕਾਂਡ ਵੀ ਖੂਹੀ ਵਿੱਚ ਲੁਕਾਉਣੇ ਚਾਹੇ ਤਾਂ ਸਾਰੇ ਪੰਜਾਬ ਨੇ ਅਕਾਲੀ ਦਲ ਦੀ ਖੂਹੀ ਦਾ ਪਾਣੀ ਪੀਣ ਵਾਲ਼ਿਆਂ ਨੂੰ ਬੁਰੀ ਤਰਾਂ ਨਕਾਰ ਤੇ ਦੁਰਕਾਰ ਦਿੱਤਾ ।ਤਦ ਕੁੱਝ ਅਕਾਲੀ ਕਹਾਉਂਦੇ ਸੱਜਣਾ ਨੂੰ ਹੋਸ਼ ਆਈ..... ਝੁਣਝੁਣੀ ਜਿਹੀ ਲੈ ਕੇ ਉਹ ਉੱਚੀ ਅਵਾਜ਼ ਵਿੱਚ ਕਹਿਣ ਲੱਗੇ ਕਿ ਅਸੀਂ ਇਸ ਖੂਹੀ ਵਿੱਚ ਡਿੱਗੀ ਹੋਈ ‘ਮਰੀਉ ਬਿੱਲੀ’ ਬਾਹਰ ਕੱਢਾਂ ਗੇ,ਇਸਦਾ ਜਲ ਪਹਿਲਾਂ ਵਰਗਾ ਹੀ ਨਿਰਮਲ ਬਣਾਵਾਂ ਗੇ !

ਜਿਹੋ ਜਿਹਾ ਸਵੱਛ, ਇਹ ਖੂਹੀ ਬਣਾਉਣ ਵੇਲੇ ਸੀ !ਹੁਣ ਹਾਲਾਤ ਇਹ ਬਣੇ ਹੋਏ ਨੇ ਕਿ ਖੂਹੀ ਦਾ ਮੁਸ਼ਕਿਆ ਪਾਣੀ ਕਹਿਣ ਵਾਲੇ ਭਾਵੇਂ ਗਿਣਤੀ ’ਚ ਥੋੜ੍ਹੇ ਜਾਪਦੇ ਨੇ ਪਰ ਅੰਦਰੋ ਅੰਦਰ ਬਹੁਤ ਨੇ ਜੋ ਆਪੋ ਆਪਣੇ ਭਵਿੱਖੀ ਅਹੁਦਿਆਂ ਦੀ ਆਸ ਵਿੱਚ ਬੱਧੇ-ਰੁੱਧੇ ਗੰਦਾ ਪਾਣੀ ਪੀਂਦੇ ਤਾਂ ਰਹੇ ਹਨ ਪਰ ਹੁਣ ਉਨ੍ਹਾਂ ਨੂੰ ਵੀ ਪੰਜਾਬੀ ਵੋਟਰਾਂ ਦੀ ਜਾਗਰੂਕਤਾ ਦਾ ਡਰ ਮਾਰਨ ਲੱਗ ਪਿਆ ਹੈ।ਇਸ ਕਰਕੇ ਉਹ ਫਿਲਹਾਲ ਦੁਵੱਲੇ ਚੱਲ ਰਹੇ ਹਨ।

ਖੂਹੀ ਵਿੱਚ ਗੰਦ ਘੋਲਣ ਵਾਲ਼ੇ ਮਾਲਕਾਂ ਦੀ ਪ੍ਰੈੱਸ ਕਾਨਫਰੰਸ ਵਿੱਚ ਵੀ ਰੁੱਸਿਆ-ਬੁੱਸਿਆ ਜਿਹਾ ਮੂੰਹ ਬਣਾ ਕੇ ਜਾ ਬਹਿੰਦੇ ਹਨ ਤੇ ਮੀਡ੍ਹੀਏ ਨਾਲ ਪਾਰਟੀ ਦੇ ਭਵਿੱਖ ਬਾਰੇ ਵੀ ‘ਚਿੰਤਾ’ ਜਾਹਰ ਕਰ ਛੱਡਦੇ ਹਨ !

ਖੂਹੀ ਦੇ ਗੰਦੇ ਮੁਸ਼ਕ ਮਾਰਦੇ ਪਾਣੀ ਨੂੰ ‘ਮਾਨਸਰੋਵਰ ਦੀ ਝੀਲ ਵਰਗਾ ਜਲ’ ਦੱਸਣ ਵਾਲ਼ੀ ਇੱਕ ਹੋਰ ‘ਨਸਲ’ ਵੀ ਹੈ, ਜਿਹਦਾ ਵਿਵਹਾਰ ਦੇਖ ਕੇ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਕਿਤੇ ਉਹ ਚਮਚਾਗਿਰੀ ਦੇ ਨਵੇਂ ਰਿਕਾਰਡ ਬਣਾ ਰਹੇ ਹੋਣ ਜਾਂ ਖੂਹੀ ਮਾਲਕਾਂ ਦੇ ਪੁਰਾਣੇ ਚਮਚਿਆਂ ਦੀ ਥਾਂਹ,ਆਪ ਲੈਣੀ ਚਾਹੁੰਦੇ ਹੋਣ ! ਇਹ ਭਦਰ ਪੁਰਸ਼ ਮੀਡ੍ਹੀਏ ਨਾਲ ਝੱਖਾਂ ਮਾਰਨ ਵੇਲ਼ੇ ਗੂੜ੍ਹੀਆਂ ਨੀਲੀਆਂ ਪੱਗਾਂ ਬੰਨ੍ਹ ਕੇ ਅਤੇ ਚੂਹੇ ਵਰਗੀਆਂ ਦੰਦੀਆਂ ਕੱਢਦੇ ਬੇਹਿਆਈ ਵਾਲ਼ੀ ‘ਹੀਂ...ਹੀਂ....ਹੀਂ.....ਹੀਂ’ ਇਉਂ ਕਰਦੇ ਹਨ ਜਿਵੇਂ ਕਿਤੇ ਖੂਹੀ ਦੇ ਗੰਦੇ ਪਾਣੀ ਵਾਲ਼ਾ ਕੋਈ ਮਸਲਾ ਹੀ ਨਾ ਹੋਵੇ !ਦੇਸ ਵਿਦੇਸ਼ ਵੱਸਦੇ ਸਿੱਖ, ਬੜੀ ਨੀਝ ਨਾਲ ਇਸ ਘਟਨਾਕ੍ਰਮ ਵੱਲ੍ਹ ਦੇਖਣ ਦੇ ਨਾਲ ਨਾਲ ‘ਸਰਬਉੱਚ ਜਥੇਦਾਰਾਂ’ ਦੀ ਇੱਕ ਪਾਸੜ ਕਾਰਗੁਜਾਰੀ ਵੱਲ੍ਹ ਵੀ ਨਜਰ ਟਿਕਾਈ ਬੈਠੇ ਹਨ ! ਉਹ ਅਰਦਾਸਾਂ ਕਰ ਰਹੇ ਹਨ ਕਿ ਜਿਹੜੀ ਅਕਾਲੀ ਖੂਹੀ ਬਣਾਉਣ ਦੀ ਵਿਉਂਤਬੰਦੀ, ਸਾਡੇ ਵਡਾਰੂਆਂ ਨੇ ਸ੍ਰੀ ਅਕਾਲ ਤਖਤ ਸਾਹਿਬ ’ਤੇ ਇਕੱਤਰ ਹੋ ਕੇ ਕੀਤੀ ਸੀ, ਉਹਦੇ ਵਿੱਚੋਂ ਹੁਣ ਮਰੀ ਹੋਈ ਬਿੱਲੀ ਬਾਹਰ ਕੱਢਣ ਵਾਲਿਆਂ ਨੂੰ ਕਾਮਯਾਬੀ ਮਿਲ਼ੇ!

ਪੰਥ ਦੀ ਇਸ ਖੂਹੀ ਰੂਪੀ ਅਮਾਨਤ ਉੱਤੇ ਸਦੀਵੀ ਤੌਰ ’ਤੇ ਖਾਨਦਾਨੀ ਕਬਜਾ ਜਮਾਈ ਰੱਖਣ ਵਾਲ਼ੇ ਹੈਂਕੜਬਾਜ ਮਾਲਕ ਲਈ ਇਹ ਸ਼ਿਅਰ ਹਾਜ਼ਰ ਹੈ-

‘ਬਹਾਰਿ ਦੁਨੀਆਂ ਹੈ ਚੰਦ ਰੋਜਾ,
ਨਾ ਚਲ ਤੂ ਸਰ ਕੋ ਉਠਾ ਉਠਾ ਕਰ
ਕਜ਼ਾ ਨੇ ਐਸੇ ਹਜ਼ਾਰੋਂ ਨਕਸ਼ੇ,
ਬਿਗਾੜ ਡਾਲੇ ਬਨਾ ਬਨਾ ਕਰ !’

**(ਕਜ਼ਾ-ਰੱਬੀ ਹੁਕਮ) ਤਰਲੋਚਨ ਸਿੰਘ**
**‘ਦੁਪਾਲ ਪੁਰ 001-408-915-1268**

# ਮੁਕੇਸ਼ ਅੰਬਾਨੀ ਨੂੰ ਫਿਰ ਮਿਲੀ ਜਾਨੋ ਮਾਰਨ ਦੀ ਧਮਕੀ

ਮੁੰਬਈ:ਭਾਰਤ ਦੇ ਪ੍ਰਸਿੱਧ ਕਾਰੋਬਾਰੀ ਮੁਕੇਸ਼ ਅੰਬਾਨੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਫਿਰ ਜਾਨੋ ਮਾਰਨ ਦੀ ਧਮਕੀ ਮਿਲੀ ਹੈ। ਇਸ ਮਾਮਲੇ ਵਿੱਚ ਮੁੰਬਈ ਪੁਲਿਸ ਨੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਉਸ ਕੋਲੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

ਸੂਤਰਾਂ ਮੁਤਾਬਕ ਐਚਐਨ ਰਿਲਾਇੰਸ ਫਾਊਂਡੇਸ਼ਨ ਹਸਪਤਾਲ ਦੇ ਡਿਸਪਲੇ ਨਬਰ ’ਤੇ ਧਮਕੀ ਭਰੇ ਫੋਨ ਕਾਲ ਕੀਤੇ ਗਏ, ਜਿਨ੍ਹਾਂ ਵਿੱਚ ਕੌਲਰ ਨੇ ਪੂਰੇ ਅੰਬਾਨੀ ਪਰਿਵਾਰ ਨੂੰ ਤਿੰਨ ਘੰਟੇ ਵਿੱਚ ਖਤਮ ਕਰਨ ਦੀ ਧਮਕੀ ਦਿੱਤੀ।

ਹਸਪਤਾਲ ਮੈਨੇਜਮੈਂਟ ਨੇ ਡੀਬੀ ਮਾਰਗ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ। ਮੁੰਬਈ ਪੁਲਿਸ ਨੇ ਸ਼ਿਕਾਇਤ ਮਿਲਣ ਦੀ ਪੁਸ਼ਟੀ ਕੀਤੀ।ਅਜੇ ਪੁਲਿਸ ਨੇ ਅੰਬਾਨੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਧਮਕੀ ਭਰੇ ਤਿੰਨ ਤੋਂ ਵੱਧ ਫੋਨ ਕਾਲ ਆਉਣ ਦੀ ਗੱਲ ਕਹੀ ਹੈ।


The Builder's Direct
Experienced & Honest
Bath & Kitchen Fixtures

Wholesale price to public
We carry all major brands
Fireplaces Also Available

Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC





Punjab TRAVELS

ਜੀਵਨ ਸਿੰਘ ਮੋਗਾ
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।
- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ    Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

(ਸਫਾ ਬੀ10 ਦੀ ਬਾਕੀ)

## ਭਾਰਤ ਨੂੰ 'ਹਿੰਦੂ ਰਾਸ਼ਟਰ' ...

ਦੇ ਚੰਦਰਸ਼ੇਖਰ ਤਿਵਾਰੀ ਦਾ ਮੰਨਣਾ ਹੈ ਕਿ ਵੈਲੇਨਟਾਈਨ ਡੇਅ, ਰੇਨ ਡਾਂਸ ਪਾਰਟੀ, ਇਹ ਸਭ ਭਾਰਤੀ ਸੱਭਿਆਚਾਰ ਨੂੰ ਵਿਗਾੜਨ ਦੀ ਸਾਜ਼ਿਸ਼ ਹੈ। ਮੰਚ ਦੇ ਕੰਮਾਂ ਵਿੱਚ ਹਿੰਦੂ ਮੁਸਲਮਾਨਾਂ ਦੇ ਵਿਚਕਾਰ ਵਿਆਹ ਰੋਕਣ ਦਾ ਯਤਨ ਕਰਨਾ, ''ਹਿੰਦੂ ਬੱਚੇ ਬੱਚੀਆਂ ਨੂੰ ਸਮਝਾਉਣਾ, ਸੱਭਿਆਚਾਰਕ ਕੈਂਪ ਲਗਾਉਣੇ, ਲੋਕਾਂ ਨੂੰ ਮੰਦਿਰ ਵਿੱਚ ਜਾਣ ਲਈ ਪ੍ਰੇਰਿਤ ਕਰਨਾ, ਘਰਾਂ ਵਿੱਚ ਰਮਾਇਣ, ਹਨੂੰਮਾਨ ਚਾਲੀਸਾ ਦੇ ਪਾਠ ਲਈ ਪ੍ਰੇਰਿਤ ਕਰਨਾ'' ਸ਼ਾਮਲ ਹਨ। ਸਾਲਾਂ ਤੋਂ ਭਾਰਤ ਵਿੱਚ ਸਨਾਤਨ ਸੰਸਥਾ, ਹਿੰਦੂ ਯੁਵਾ ਵਾਹਿਨੀ, ਬਜਰੰਗ ਦਲ, ਸ਼੍ਰੀ ਰਾਮ ਸੈਨਾ, ਹਿੰਦੂ ਏਕਯਾ ਬੇਦੀ ਆਦਿ ਸੰਗਠਨ ਅਤੇ ਉਨ੍ਹਾਂ ਦੇ ਕਾਰਕੁਨ ਸਰਗਰਮ ਰਹੇ ਹਨ। ਹੁਣ ਮੈਦਾਨ ਵਿੱਚ ਰਾਮ ਸੈਨਾ, ਹਿੰਦੂ ਸੈਨਾ, ਸਨਾਤਨ ਧਰਮ ਪ੍ਰਚਾਰ ਸੇਵਾ ਸਮਿਤੀ, ਕਰਣੀ ਸੈਨਾ, ਵਿਸ਼ਵ ਹਿੰਦੂ ਮਹਾਕਾਲ ਸੈਨਾ ਵਰਗੇ ਕਈ ਹਿੰਦੂਤਵੀ ਗੁੱਟ ਹਨ। ਪੱਤਰਕਾਰ ਅਤੇ ਲੇਖਕ ਧੀਰੇਂਦਰ ਝਾਅ ਦੇ ਮੁਤਾਬਕ ਪਿਛਲੇ ਕੁਝ ਸਾਲਾਂ ਵਿੱਚ ਪੈਦਾ ਹੋਏ ਨਵੇਂ ਹਿੰਦੂਤਵੀ ਸੰਗਠਨਾਂ, ਗੁੱਟਾਂ ਦੀ ਗਿਣਤੀ ਪਤਾ ਲਗਾਉਣਾ ਸੰਭਵ ਨਹੀਂ ਕਿਉਂਕਿ ਬਹੁਤ ਸਾਰੇ ਗੁੱਟਾਂ ਦੀ ਹੋਂਦ ਕੁਝ ਸਮੇਂ ਲਈ ਹੀ ਰਹਿੰਦੀ ਹੈ। ਉਹ ਇੱਕ ਖਾਸ ਮਕਸਦ, ਵਿਵਾਦ ਲਈ ਹੋਂਦ ਵਿੱਚ ਆਉਂਦੇ ਹਨ ਅਤੇ ਮਕਸਦ ਪੂਰਾ ਹੋ ਜਾਣ ਦੇ ਬਾਅਦ ਉਹ ਗਾਇਬ ਹੋ ਜਾਂਦੇ ਹਨ। ਉਹ ਕਹਿੰਦੇ ਹਨ, ''ਪਿਛਲੇ ਕੁਝ ਸਾਲਾਂ ਵਿੱਚ ਜੋ ਨਵੇਂ ਨਾਮ ਉੱਭਰੇ ਹਨ, ਉਹ ਕਿਸੇ ਮਕਸਦ ਨੂੰ ਅੰਜਾਮ ਦੇਣ ਲਈ ਹਨ। (ਇਨ੍ਹਾਂ ਗੁੱਟਾਂ ਦੇ) ਫੁੱਟ ਸੋਲਜ਼ਰਸ ਛੋਟੇ ਛੋਟੇ ਲਾਲਚ ਵਿੱਚ ਆ ਜਾਂਦੇ ਹਨ, ਪਰ ਜੇਕਰ ਤੁਸੀਂ ਆਗੂਆਂ ਦਾ ਟਰੈਕ ਰਿਕਾਰਡ ਦੇਖੋਗੇ ਤਾਂ ਉਨ੍ਹਾਂ ਦਾ ਕਿਸੇ ਨਾ ਕਿਸੇ ਸਥਾਪਿਤ ਹਿੰਦੂਤਵੀ ਸੰਗਠਨ ਨਾਲ ਲੰਬੇ ਸਮੇਂ ਤੋਂ ਸਬੰਧ ਰਿਹਾ ਹੈ।''ਆਗਰਾ ਦੇ ਇੱਕ ਸੀਨੀਅਰ ਪੱਤਰਕਾਰ ਨਾਮ ਨਾ ਦੱਸਣ ਦੀ ਸ਼ਰਤ 'ਤੇ ਕਹਿੰਦੇ ਹਨ ਕਿ ਪਿਛਲੇ ਤਿੰਨ-ਚਾਰ ਸਾਲਾਂ ਵਿੱਚ ਪੱਛਮੀ ਉੱਤਰ ਪ੍ਰਦੇਸ਼ ਵਿੱਚ ਲਗਭਗ 60 ਛੋਟੇ ਗੁੱਟ ਹੋਂਦ ਵਿਚ ਆਏ ਹਨ। ਇਸ ਪੱਤਰਕਾਰ ਦੇ ਮੁਤਾਬਿਕ ਕੁਝ ਮੈਂਬਰਾਂ ਵਾਲੇ ਇਹ ਗੁੱਟ ਵੱਡੇ ਸੰਗਠਨਾਂ ਦੀ ਛਤਰ ਛਾਇਆ ਵਿੱਚ ਕੰਮ ਕਰਦੇ ਹਨ ਅਤੇ ਜਦੋਂ ਅੱਗ ਫੈਲਦੀ ਹੈ ਤਾਂ ਵੱਡੇ ਸੰਗਠਨ ਆਪਣਾ ਪੱਲਾ ਝਾੜ ਲੈਂਦੇ ਹਨ। ਉਹ ਕਹਿੰਦੇ ਹਨ ਕਿ ਬਹੁਤ ਸਾਰੇ ਗੁੱਟ ਕਿਸੇ ਛੋਟੇ ਮੰਦਿਰ ਤੋਂ ਆਪਣੀ ਗਤੀਵਿਧੀ ਸੰਚਾਲਿਤ ਕਰਦੇ ਹਨ ਅਤੇ ਆਮ ਲੋਕਾਂ ਜਾਂ ਵਪਾਰੀਆਂ ਆਦਿ ਤੋਂ ਚੰਦਾ ਇਕੱਠਾ ਕਰਕੇ ਆਪਣੀਆਂ ਗਤੀਵਿਧੀਆਂ ਨੂੰ ਫੰਡ ਕਰਦੇ ਹਨ। ਅਖਿਲ ਭਾਰਤੀ ਹਿੰਦੂ ਮਹਾਂਸਭਾ ਦੇ ਬੁਲਾਰੇ ਸੰਜੇ ਜਾਟ ਕਹਿੰਦੇ ਹਨ, ''ਜਦੋਂ ਤੋਂ ਯੋਗੀ ਸਰਕਾਰ ਆਈ ਹੈ, ਭਾਜਪਾ ਸਰਕਾਰ ਆਈ ਹੈ, ਉਦੋਂ ਤੋਂ ਕਿਧਰੇ ਨਾ ਕਿਧਰੇ (ਹਿੰਦੂਵਾਦੀ ਸੰਗਠਨਾਂ ਦੀ ਗਿਣਤੀ) ਗ੍ਰਾਫ਼ ਵਧਿਆ ਹੈ। ਇਸ ਗੱਲ ਦੀ ਅਸੀਂ ਪੁਸ਼ਟੀ ਕਰਦੇ ਹਾਂ।''ਉਨ੍ਹਾਂ ਦੇ ਮੁਤਾਬਿਕ ''ਇੱਕ ਅਲਖ ਜਗੀ ਹੈ ਹਿੰਦੂਤਵ ਦੀ। ਭਗਵਾਨ ਰਾਮ ਅਤੇ ਕੇਸਰੀਆ ਝੰਡੇ ਪ੍ਰਤੀ ਪਿਆਰ ਵਧਿਆ ਹੈ। ਜੋ ਮੁਗਲਾਂ ਵੱਲੋਂ ਦਬਾਏ ਹੋਏ ਸਨ, ਉਹ ਦੱਬੇ ਕੁਚਲੇ ਬੈਠੇ ਹੋਏ ਸਨ ਪਿਛਲੇ ਕਈ ਦਹਾਕਿਆਂ ਤੋਂ, ਜਦੋਂ ਬੀਜੇਪੀ ਸਰਕਾਰ ਆਈ ਤਾਂ ਨਵੇਂ-ਨਵੇਂ ਸੰਗਠਨਾਂ ਦੀ ਉਤਪਤੀ ਹੋਈ।''ਗੋਬਿੰਦ ਪਰਾਸ਼ਰ ਕਹਿੰਦੇ ਹਨ ਕਿ ਭਾਜਪਾ ਦੇ ਸ਼ਾਸਨਕਾਲ ਵਿੱਚ ''ਕੁਝ ਤਾਂ ਆਪਣੇ ਪ੍ਰਾਣ ਬਚਾਉਣ ਲਈ ਭਗਵਾ ਵਿੱਚ ਆਏ ਹਨ, ਕੁਝ ਅਪਰਾਧੀ ਵੀ ਆਏ ਹਨ, ਜੋ ਸੰਗਠਨਾਂ ਵਿੱਚ ਜੁੜ ਗਏ। 100 ਰੁਪਏ ਦਾ ਦੁਪੱਟਾ ਪਾ ਲਿਆ ਅਤੇ ਭਗਵਾਧਾਰੀ ਹੋ ਗਏ। ਕੋਈ ਸੰਗਠਨ ਵਿੱਚ ਚਲਿਆ ਗਿਆ, ਕੋਈ ਸੰਘ ਪਰਿਵਾਰ ਵਿੱਚ ਵੜ ਗਿਆ।''ਉਹ ਕਹਿੰਦੇ ਹਨ ਕਿ ਅਜਿਹੇ ਵੀ ਮਾਮਲੇ ਹਨ, ਜਦੋਂ ਇਨ੍ਹਾਂ ਸੰਗਠਨਾਂ ਦੇ ਲੋਕ ਜਦੋਂ ਪੁਲਿਸ ਦੇ ਹੱਥੇ ਚੜ੍ਹਦੇ ਹਨ ਤਾਂ ਉਹ ਖੁਦ ਨੂੰ ਹਿੰਦੂਤਵੀ ਸੰਗਠਨਾਂ ਦਾ ਦੱਸ ਕੇ ਉਮੀਦ ਕਰਦੇ ਹਨ ਕਿ ਪੁਲਿਸ ਉਨ੍ਹਾਂ ਨਾਲ ਨਰਮੀ ਨਾਲ ਪੇਸ਼ ਆਵੇਗੀ। ਪੁਲਿਸ ਵੀ ਥੋੜ੍ਹੀ ਨਰਮ ਹੋ ਜਾਂਦੀ ਹੈ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ (ਇੱਕ ਹਿੰਦੂਤਵੀ ਪਾਰਟੀ) ਸੱਤਾ ਵਿੱਚ ਹੈ, (ਅਤੇ ਇਹ ਲੋਕ) ਰੌਲਾ ਪਾਉਣਗੇ।''ਸਵਿਟਜ਼ਰਲੈਂਡ ਦੀ ਜ਼ਿਊਰਿਕ ਯੂਨੀਵਰਸਿਟੀ ਵਿੱਚ ਸੀਨੀਅਰ ਰਿਸਰਚਰ ਅਤੇ ਸਮਾਜਿਕ ਮਾਨਵ ਵਿਗਿਆਨੀ ਜਾਂ ਐਂਥਰੋਪੋਲਜਿਸਟ ਸਤੇਂਦਰ ਕੁਮਾਰ ਅਜਿਹੇ ਸੰਗਠਨਾਂ ਦੀ ਵਧਦੀ ਗਿਣਤੀ ਦੀ ਵਜ੍ਹਾ ਗਿਣਾਉਂਦੇ ਹਨ। ਸਤੇਂਦਰ ਕੁਮਾਰ ਦੇ ਮੁਤਾਬਿਕ ਦੇਸ਼ ਵਿੱਚ ਨੌਕਰੀ ਦੇ ਮੌਕੇ ਘੱਟ ਹੋਏ ਹਨ। ਰਾਜਨੀਤਕ ਦੁਸ਼ਮਣ ਪੈਦਾ ਕੀਤੇ ਗਏ ਹਨ। ਸਮਾਜ ਦੇ ਆਖਰੀ ਪੌਡੇ 'ਤੇ ਖੜ੍ਹੇ ਲੋਕਾਂ ਵਿੱਚ ਹਿੰਦੂ ਹੋਣ ਅਤੇ ਦਿਖਾਉਣ ਦੀ ਪਛਾਣ ਵਧੀ ਹੈ। ਅੰਗਰੇਜ਼ੀ ਨੂੰ ਸ਼੍ਰੇਸ਼ਠਤਾ ਨਾਲ ਜੋੜਨ ਵਾਲੇ ਹਿੰਦੋਸਤਾਨ ਦੇ ਕੁਲੀਨ ਵਰਗ ਦੇ ਖਿਲਾਫ਼ ਭਾਸ਼ਾਈ ਲੋਕਾਂ ਦਾ ਰੋਸ ਹੈ। ਡਿਗਰੀ ਮਿਲਣ ਤੋਂ ਬਾਅਦ ਵੀ ਨੌਜਵਾਨ ਬਿਨਾਂ ਨੌਕਰੀ ਦੇ ਘੁੰਮ ਰਹੇ ਹਨ। ਪਛਾਣ ਦੀ ਰਾਜਨੀਤੀ ਦਾ ਜ਼ੋਰ ਵਧਿਆ ਹੈ। ਆਮ ਲੋਕਾਂ ਨੂੰ ਲੱਗਦਾ ਹੈ ਕਿ ਸਰਕਾਰੀ ਅਦਾਰੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਸੁਰੱਖਿਆ ਨਹੀਂ ਦਿੰਦੇ। ਉਹ ਕਹਿੰਦੇ ਹਨ, ''ਨੌਕਰੀ ਨਾ ਹੋਣ ਨਾਲ ਵੈਸੇ ਹੀ ਤੁਹਾਡੀ ਕੋਈ ਇੱਜ਼ਤ ਨਹੀਂ ਕਰਦਾ। ਅਜਿਹੇ ਵਿੱਚ ਜਦੋਂ ਤੁਸੀਂ ਸੰਸਥਾ ਦੇ ਕਾਰਡਧਾਰਕ ਬਣਦੇ ਹੋ ਤਾਂ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਕੋਈ ਕੁਝ ਨਹੀਂ ਕਰ ਸਕਦਾ।''ਪੱਤਰਕਾਰ ਅਤੇ ਲੇਖਕ ਧੀਰੇਂਦਰ ਝਾ ਕਹਿੰਦੇ ਹਨ, ''ਜਦੋਂ ਸਮਾਜ ਵਿੱਚ ਬੇਰੁਜ਼ਗਾਰੀ ਇੰਨੀ ਜ਼ਿਆਦਾ ਹੈ, ਜੋ ਬੇਰੁਜ਼ਗਾਰ ਨੌਜਵਾਨ ਹਨ, ਉਨ੍ਹਾਂ ਨੂੰ ਰੁਜ਼ਗਾਰ ਦੇਣ ਦੀ ਜਗ੍ਹਾ 'ਤੇ ਸਰਕਾਰ ਕੁਝ ਵੀ ਨਹੀਂ ਕਰ ਰਹੀ ਹੈ, ਬਲਕਿ ਰੁਜ਼ਗਾਰ ਹੋਰ ਖਤਮ ਕੀਤੇ ਜਾ ਰਹੇ ਹਨ। ਨਤੀਜਾ ਇਹ ਹੋ ਰਿਹਾ ਹੈ ਕਿ ਲੜਕੇ ਬਹੁਤ ਆਸਾਨੀ ਨਾਲ ਉਸ ਜਾਲ਼ ਵਿੱਚ ਚਲੇ ਜਾਂਦੇ ਹਨ, ਉਨ੍ਹਾਂ ਨੂੰ ਤਾਕਤ ਦਾ ਅਹਿਸਾਸ ਹੁੰਦਾ ਹੈ।''ਸਤੇਂਦਰ ਕੁਮਾਰ ਕਹਿੰਦੇ ਹਨ, ''ਨੌਜਵਾਨਾਂ ਦਾ ਇੱਕ ਵੱਡਾ ਵਰਗ ਹੈ, ਜਿਸ ਲਈ ਕੋਈ ਮੌਕੇ ਨਹੀਂ ਹਨ। ਮੌਕੇ ਦੇ ਨਾਂ 'ਤੇ ਅੱਠ-ਦਸ ਹਜ਼ਾਰ ਰੁਪਏ ਦੀ ਨੌਕਰੀ ਹੈ। ਇਹ ਨੌਜਵਾਨ 20 ਸਾਲ ਬਾਅਦ ਵੀ ਇਸ ਤਰ੍ਹਾਂ ਹੀ 8-10 ਹਜ਼ਾਰ ਦੀ ਨੌਕਰੀ ਕਰਨਗੇ। ਨਾ ਉਨ੍ਹਾਂ ਕੋਲ ਕੋਈ ਬੱਚਤ ਹੋਵੇਗੀ, ਨਾ ਘਰ, ਨਾ ਮੈਡੀਕਲ ਸੁਵਿਧਾ। ਉਹ ਮਾਤਾ-ਪਿਤਾ ਦੇ ਘਰਾਂ ਵਿੱਚ ਰਹਿੰਦੇ ਹੋਣਗੇ।''ਨਾਲ ਹੀ ਇੱਕ ਸੱਭਿਆਚਾਰਕ ਜਾਲ਼ ਦਾ ਨਿਰਮਾਣ ਹੋਇਆ ਹੈ ਕਿ ਕਿਵੇਂ ਕੋਈ ਤੁਹਾਡਾ ਦੁਸ਼ਮਣ ਹੈ - ਉਹ ਜੋ ਤੁਹਾਡੀ ਨੌਕਰੀ ਖਾਂਦੇ ਹਨ। ਉਸ ਵਿੱਚ ਅਪਰਵਾਸੀ ਹਨ, ਦੂਜੇ ਧਰਮ ਦੇ ਲੋਕ ਹਨ। ਧਾਰਮਿਕਤਾ ਪਛਾਣ ਦੀ ਹੈ। ਉਹ ਕਦਰਾਂ ਕੀਮਤਾਂ ਜਾਂ ਨੈਤਿਕਤਾ ਦੀ ਨਹੀਂ ਹੈ। ਉਹ ਪਛਾਣ ਦਿਖਾਉਣ ਦੀ ਹੈ ਕਿ ਅਸੀਂ ਹਿੰਦੂ ਹਾਂ ਅਤੇ ਕਿਸੇ ਤੋਂ ਘੱਟ ਨਹੀਂ ਹਾਂ। ਜੋ ਅੰਗਰੇਜ਼ੀ ਜਾਂ ਪੰਜਾਬੀ ਮੀਡੀਅਮ ਤੋਂ ਪੜ੍ਹ ਕੇ ਆਉਂਦੇ ਸਨ। ਉਨ੍ਹਾਂ ਨੂੰ ਅਪਮਾਨਿਤ ਕੀਤਾ ਗਿਆ, ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਪੱਛਮ ਦੇ ਸੱਭਿਆਚਾਰਕ ਹਮਲੇ ਦੇ ਖਿਲਾਫ਼ ਲੜ ਰਹੇ ਹਨ। ਮਾਣ ਦੇ ਨਾਲ ਹਿੰਦੂ ਬਣਨਾ ਹੈ ਕਿਉਂਕਿ ਹਿੰਦੂਆਂ ਨੂੰ ਕੋਈ ਪੁੱਛ ਨਹੀਂ ਰਿਹਾ ਸੀ। ਇਹ ਸਾਰੇ ਫੈਕਟਰ ਇਕੱਠੇ ਆ ਗਏ।''ਉਹ ਕਹਿੰਦੇ ਹਨ, ''ਸਾਲ 2014 ਵਿੱਚ ਇਹ ਸਾਰੇ ਫੈਕਟਰ ਇਕੱਠੇ ਆ ਗਏ। ਇਹ ਮਾਮਲਾ ਬਹੁਤ ਦਿਨ ਤੋਂ ਚੱਲਿਆ ਆ ਰਿਹਾ ਸੀ, ਇਸ ਵਿੱਚ ਪੁਰਾਣੀਆਂ ਸਰਕਾਰਾਂ ਦੀ ਵੀ ਨਾਕਾਮੀ ਹੈ। ਬਾਹਰ ਤੋਂ ਆਏ ਲੋਕ ਅਤੇ ਸਾਡੇ 'ਤੇ ਰਾਜ ਕਰਕੇ ਚਲੇ ਗਏ-ਇਹ ਅਹਿਸਾਸ ਲੋਕਾਂ ਵਿੱਚ ਸੀ। ਇਸ ਭਾਵਨਾ ਦੀ ਵਰਤੋਂ ਕੀਤੀ ਗਈ। ਲੇਖਕ ਧੀਰੇਂਦਰ ਝਾਅ ਲਿਖਦੇ ਹਨ ਹਿੰਦੂਤਵੀ ਸੰਗਠਨਾਂ ਵਿੱਚ ਜ਼ਮੀਨ 'ਤੇ ਜ਼ਿਆਦਾਤਰ ਕੰਮ ਕਰਨ ਵਾਲੇ ਉਸ ਜਾਤ ਦੇ ਹੁੰਦੇ ਹਨ ਜਿਨ੍ਹਾਂ ਨੂੰ ਸਮਾਜ ਵਿੱਚ 'ਹੇਠਲੀ ਜਾਤ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਹ ਇਸ ਗੱਲ ਨੂੰ ਸ਼ਾਇਦ ਹੀ ਪਛਾਣ ਪਾਉਂਦੇ ਹਨ ਕਿ ਜਿਸ ਹਿੰਦੂਤਵ ਲਈ ਉਨ੍ਹਾਂ ਨੇ ਆਪਣੀ ਸਾਰੀ ਤਾਕਤ ਲਾ ਰੱਖੀ ਹੈ, ਉਹ ਕੁਝ ਹੋਰ ਨਹੀਂ ਬ੍ਰਾਹਮਣਵਾਦ ਹੈ। ਉਹ ਲਿਖਦੇ ਹਨ, ''ਉਹ ਹਿੰਦੂ ਧਰਮ ਵਿੱਚ ਵਧਦੀ ਧਾਰਮਿਕਤਾ ਵਿੱਚ ਅਤੇ 'ਦੂਜਿਆਂ' ਨਾਲ ਨਫ਼ਰਤ ਵਿੱਚ ਇੰਨੇ ਅੰਨ੍ਹੇ ਹੋ ਗਏ ਹਨ ਕਿ ਉਹ ਦੇਖ ਨਹੀਂ ਪਾ ਰਹੇ ਹਨ ਕਿ ਉਹ ਜਿਸ ਹਿੰਦੂਤਵ ਲਈ ਕੰਮ ਕਰ ਰਹੇ ਹਨ, ਉਹ ਕਿਵੇਂ ਬ੍ਰਾਹਮਣਾਂ ਅਤੇ ਉੱਚ ਜਾਤ ਦੀ ਇਤਿਹਾਸਕ ਸਰਦਾਰੀ ਨੂੰ ਦੁਬਾਰਾ ਜੀਵਤ ਕਰਨਾ ਚਾਹੁੰਦੇ ਹਨ।''ਕਿਤਾਬ ਵਿੱਚ ਜ਼ਿਕਰ ਹੈ ਕਿ ਸ਼੍ਰੀਰਾਮ ਸੈਨਾ ਦੇ ਪ੍ਰਮੋਦ ਮੁਥਾਲਿਕ ਦੀ ਪੱਛੜੀ ਜਾਤ ਦੇ ਨਾਲ ਸ਼ਿਕਾਇਤ ਕਰਦੇ ਹਨ ਕਿ ਕਿਵੇਂ ਉਨ੍ਹਾਂ ਨਾਲ ਸੰਘ ਪਰਿਵਾਰ ਵਿੱਚ ਕਥਿਤ ਤੌਰ 'ਤੇ ਜਾਤ ਦੇ ਆਧਾਰ 'ਤੇ ਭੇਦਭਾਵ ਹੁੰਦਾ ਸੀ। ਇੱਕ ਸਾਥੀ ਕਹਿੰਦਾ ਹੈ, ''ਸੰਘ ਵਿੱਚ ਤੁਹਾਨੂੰ ਕੋਈ ਨਹੀਂ ਕਹੇਗਾ, ਪਰ ਉੱਥੇ ਸਭ ਕੁਝ ਬ੍ਰਾਹਮਣਾਂ ਨੂੰ ਫਾਇਦਾ ਪਹੁੰਚਾਉਣ ਲਈ ਹੁੰਦਾ ਹੈ। ਹੇਠਲੀ ਜਾਤ ਦੇ ਲੋਕਾਂ ਨੂੰ ਛੋਟਾ ਕੰਮ ਕਰਨਾ ਪੈਂਦਾ ਹੈ- ਤੁਸੀਂ ਉਸ ਨੂੰ ਗੰਦਾ ਕੰਮ ਕਹਿ ਸਕਦੇ ਹੋ- ਜਿਵੇਂ ਸੜਕਾਂ 'ਤੇ ਲੜਨਾ।''ਆਰਐੱਸਐੱਸ ਵਿੱਚ ਬ੍ਰਾਹਮਣਾਂ ਜਾਂ ਉੱਚ ਜਾਤ ਦੇ ਪ੍ਰਭਾਵ ਨੂੰ ਲੈ ਕੇ ਉਸ ਦੀ ਲੰਬੇ ਸਮੇਂ ਤੋਂ ਆਲੋਚਨਾ ਹੁੰਦੀ ਰਹੀ ਹੈ। ਹਾਲਾਂਕਿ ਸੰਘ ਇਸ ਆਲੋਚਨਾ ਨੂੰ ਨਹੀਂ ਸਵੀਕਾਰ ਕਰਦਾ। ਆਰਐੱਸਐੱਸ ਪ੍ਰਮੁੱਖ ਮੋਹਨ ਭਾਗਵਤ ਨੇ ਕਿਹਾ ਹੈ ਕਿ ਹਿੰਦੂ ਸਮਾਜ ਵਿੱਚ ਛੂਤਛਾਤ, ਨਾ ਬਰਾਬਰੀ ਵੱਡੀਆਂ ਸਮੱਸਿਆਵਾਂ ਹਨ ਅਤੇ ਉਨ੍ਹਾਂ ਨਾਲ ਨਜਿੱਠਣ ਵਿੱਚ ਵਕਤ ਲੱਗੇਗਾ। ਮੋਹਨ ਭਾਗਵਤ ਨੇ ਇੱਕ ਦੂਜੀ ਜਗ੍ਹਾ ਕਿਹਾ ਕਿ ਇੱਕ ਦਲਿਤ ਵੀ ਆਰਐੱਸਐੱਸ ਪ੍ਰਮੁੱਖ ਬਣ ਸਕਦਾ ਹੈ। ਜਾਤ ਦੇ ਆਧਾਰ 'ਤੇ ਹੋ ਰਹੇ ਭੇਦਭਾਵ 'ਤੇ ਸਖ਼ਤ ਸ਼ਬਦਾਂ ਵਿੱਚ ਮੋਹਨ ਭਾਰਗਵ ਨੇ ਕਿਹਾ ਕਿ ਅਸੀਂ ਜਾਤੀਗਤ ਭੇਦਭਾਵ ਵਿੱਚ ਵਿਸ਼ਵਾਸ ਨਹੀਂ ਰੱਖਦੇ ਹਾਂ। ਅਸੀਂ ਸੰਘ ਵਿੱਚ ਲੋਕਾਂ ਦੀ ਜਾਤ ਨਹੀਂ ਪੁੱਛਦੇ। ਇਹ ਸਾਡੇ ਸੱਭਿਆਚਾਰ ਦਾ ਹਿੱਸਾ ਨਹੀਂ ਹੈ। ਸੰਘ ਦੇ ਇੱਕ ਪੁਰਾਣੇ ਦਲਿਤ ਮੈਂਬਰ ਮੁਤਾਬਕ ਹਾਲਾਂਕਿ ਹਿੰਦੂ ਸੰਗਠਨਾਂ ਵਿੱਚ ਦਲਿਤਾਂ ਅਤੇ ਓਬੀਸੀ ਵਰਗ ਦੇ ਮੈਂਬਰਾਂ ਦੀ ਗਿਣਤੀ ਵਧੀ ਹੈ ਪਰ ਇਨ੍ਹਾਂ ਸੰਗਠਨਾਂ ਵਿੱਚ ਦਬਦਬਾ ਉੱਚੀ ਜਾਤ ਵਾਲਿਆਂ ਦਾ ਹੀ ਹੈ। ਭੀਲਵਾੜਾ ਦੇ ਸਿਰਦਿਆਸ ਪਿੰਡ ਦੇ ਰਹਿਣ ਵਾਲੇ ਅਤੇ ਹੁਣ ਜੈਪੁਰ ਵਿੱਚ ਰਹਿ ਰਹੇ ਭੰਵਰ ਕਹਿੰਦੇ ਹਨ, ਮੈਂ ਤੁਹਾਡੇ ਲਈ ਰਾਮ ਮੰਦਿਰ ਲਈ ਮਰਨ ਲਈ ਤਿਆਰ ਹਾਂ ਅਤੇ ਤੁਸੀਂ ਮੇਰੇ ਘਰ ਵਿੱਚ ਖਾਣਾ ਖਾਣ ਲਈ ਤਿਆਰ ਨਹੀਂ ਹੋ।''ਭੰਵਰ ਦੇ ਮੁਤਾਬਿਕ 1991 ਵਿੱਚ ਉਨ੍ਹਾਂ ਨੂੰ ਕਿਹਾ ਗਿਆ ਕਿ ਹਿੰਦੂ ਸੰਗਠਨਾਂ ਨਾਲ ਜੁੜੇ ਸਾਧੂ ਸੰਤ ਉਨ੍ਹਾਂ ਦੇ ਉੱਥੇ ਖਾਣਾ ਨਹੀਂ ਖਾਣਗੇ ਅਤੇ ਉਹ ਖਾਣਾ ਪੈਕ ਕਰ ਕੇ ਦੇਣ ਤਾਂ ਕਿ ਅਗਲੇ ਪਿੰਡ ਵਿੱਚ ਉਨ੍ਹਾਂ ਨੂੰ ਉਹ ਖਾਣਾ ਖੁਆ ਦਿੱਤਾ ਜਾਵੇ, ਇਹ ਦੱਸੇ ਬਿਨਾਂ ਖਾਣਾ ਇੱਕ ਦਲਿਤ ਦੇ ਘਰ ਬਣਿਆ ਸੀ। ਬਾਅਦ ਵਿੱਚ ਉਨ੍ਹਾਂ ਨੂੰ ਪਤਾ ਲੱਗਿਆ ਤਾਂ ਖਾਣੇ ਦੇ ਪੈਕੇਟਾਂ ਨੂੰ ਸੁੱਟ ਦਿੱਤਾ ਗਿਆ। ਭੰਵਰ ਦੇ ਮੁਤਾਬਿਕ ਉਨ੍ਹਾਂ ਨੇ ਆਪਣੀ ਸ਼ਿਕਾਇਤ ਨੂੰ ਸਥਾਨਕ ਅਧਿਕਾਰੀਆਂ ਕੋਲ ਚੁੱਕਿਆ, ਪਰ ਬਾਅਦ ਵਿੱਚ ਕੋਈ ਸੁਣਵਾਈ ਨਾ ਹੋਣ 'ਤੇ ਆਰਐੱਸਐੱਸ ਛੱਡ ਦਿੱਤੀ। ਹਿੰਦੂ ਰਾਸ਼ਟਰ 'ਤੇ ਆਪਣੀ ਨਵੀਂ ਕਿਤਾਬ ਵਿੱਚ ਲੇਖਕ ਆਕਾਰ ਪਟੇਲ ਕਹਿੰਦੇ ਹਨ, ''ਸੰਰਚਨਾਤਮਕ ਤੌਰ 'ਤੇ ਭਾਰਤ ਹਿੰਦੂ ਰਾਸ਼ਟਰ ਬਣਨ ਦੀ ਕਗਾਰ 'ਤੇ ਪਹੁੰਚ ਚੁੱਕਿਆ ਹੈ।''ਪਰ ਚਾਹੇ ਯਤੀ ਨਰਸਿੰਘਾਨੰਦ ਹੋਣ, ਜਾਂ ਹਿੰਦੂਤਵੀ ਸੰਗਠਨਾਂ ਦੇ ਹੋਰ ਆਗੂ, ਪ੍ਰਸ਼ਾਸਨ 'ਤੇ ਉਨ੍ਹਾਂ ਪ੍ਰਤੀ ਨਰਮ ਹੋਣ ਦੇ ਇਲਜ਼ਾਮ ਲਗਦੇ ਰਹੇ ਹਨ। ਪੁਲਿਸ ਅਜਿਹੇ ਇਲਜ਼ਾਮਾਂ ਤੋਂ ਇਨਕਾਰ ਕਰਦੀ ਰਹੀ ਹੈ, ਪਰ ਇਲਜ਼ਾਮਾ ਦਾ ਲੱਗਣਾ ਜਾਰੀ ਹੈ। ਪੱਤਰਕਾਰ ਅਤੇ ਲੇਖਕ ਧੀਰੇਂਦਰ ਝਾਅ ਭਾਜਪਾ ਨੇਤਾ ਜਯੰਤ ਸਿਨਹਾ ਦੇ ਲਿੰਚਿੰਗ ਮਾਮਲੇ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਹਾਰ ਪਾਉਣ ਵਾਲੀ ਘਟਨਾ ਦੀ ਯਾਦ ਦਿਵਾਉਂਦੇ ਹਨ। ਅਜਿਹੇ ਵਿੱਚ ਸਵਾਲ ਇਹ ਹੈ ਕਿ ਇਨ੍ਹਾਂ ਹਿੰਦੂਤਵੀ ਸੰਗਠਨਾਂ ਦਾ ਭਵਿੱਖ ਦੀਆਂ ਰਾਸ਼ਟਰੀ ਨੀਤੀਆਂ 'ਤੇ ਕਿੰਨਾ ਅਸਰ ਪਵੇਗਾ? ਭਾਰਤ ਦੀ ਰਾਜਨੀਤੀ ਅਤੇ ਲੋਕਤੰਤਰੀ ਚੋਣਾਂ 'ਤੇ ਕੀ ਪ੍ਰਭਾਵ ਰਹੇਗਾ?

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
www.singhsabhasurrey.com
8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ
ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਅਗਸਤ ਮਹੀਨੇ ਦੇ ਪ੍ਰੋਗਰਾਮ
ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਵੱਲੋਂ ਕੀਤੇ ਸਹਿਜਪਾਠ ਦੇ ਭੋਗ 21 ਅਗਸਤ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
*19 ਅਗਸਤ ਦਿਨ ਸ਼ੁੱਕਰਵਾਰ ਬੱਚੀ ਮਨਜਿੰਦਰ ਕੌਰ ਅਤੇ ਕਾਕਾ ਗੁਰਪ੍ਰੀਤ ਸਿੰਘ ਦਾ ਅਨੰਦਕਾਰਜ ਹੋਵੇਗਾ।



*20 ਅਗਸਤ ਦਿਨ ਸ਼ਨਿਚਰਵਾਰ ਨੂੰ ਬੱਚੀ ਸੁਖਮਨ ਕੌਰ ਅਤੇ ਕਾਕਾ ਮੋਹਕ ਸਿੰਘ ਦਾ ਅਨੰਦਕਾਰਜ ਹੋਵੇਗਾ।
*20 ਅਗਸਤ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਤੇਗਬੀਰ ਸਿੰਘ ਬਰਾੜ ਪਰਿਵਾਰ ਵੱਲੋਂ ਆਪਣੇ ਬੇਟੇ ਦੇ ਜਨਮ ਦੀ ਖੁਸ਼ੀ ਵਿਚ ਹੋਵੇਗੀ।
*20 ਅਗਸਤ ਦਿਨ ਸ਼ਨਿਚਰਵਾਰ ਭਾਈ ਹਰਵਿੰਦਰ ਸਿੰਘ ਅਤੇ ਗੁਰਮੀਤ ਸਿੰਘ ਖਹਿਰਾ ਪਰਿਵਾਰ ਵੱਲੋਂ ਲੰਗਰ ਕੀਰਤਨ ਦੀ ਸੇਵਾ ਹੋਵੇਗੀ।
*21 ਅਗਸਤ ਦਿਨ ਐਤਵਾਰ ਸਵੇਰੇ 10 ਵਜੇ ਗਿਆਨੀ ਜਗਦੀਸ਼ ਸਿੰਘ ਪਰਿਵਾਰ ਵੱਲੋਂ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਲੰਗਰ ਦੀ ਸੇਵਾ ਹੋਵੇਗੀ।
*21 ਅਗਸਤ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਕੁਲਤਾਰ ਸਿੰਘ ਬੈਂਸ ਪਰਿਵਾਰ ਵੱਲੋਂ ਹੋਵੇਗੀ।
*25 ਅਗਸਤ ਦਿਨ ਵੀਰਵਾਰ ਨੂੰ ਸਵੇਰੇ 10.30 ਵਜੇ ਸਹਿਜਪਾਠ ਦੇ ਭੋਗ ਭਾਈ ਸ਼ਿਵਦੀਪ ਸੰਧੂ ਪਰਿਵਾਰ ਵੱਲੋਂ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
*25 ਅਗਸਤ ਦਿਨ ਵੀਰਵਾਰ ਸ਼ਾਮ ਨੂੰ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਇੰਦਰਜੀਤ ਸਿੰਘ ਪਨੇਸਰ ਪਰਿਵਾਰ ਵੱਲੋਂ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ
ਕੀਰਤਨੀ ਜਥੇ:ਭਾਈ ਪਰਮਜੀਤ ਸਿੰਘ ਬੰਗਿਆਂ ਵਾਲਿਆਂ ਦਾ ਜਥਾ, ਭਾਈ ਸਤਨਾਮ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ
ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 778-713-5121, 604-590-3224, ਫੈਕਸ:604-572-3276

# ਕੈਨੇਡਾ ਸਣੇ ਵੱਡੇ ਦੇਸ਼ਾਂ 'ਚ ਕਿਉਂ ਰੱਦ ਹੋ ਰਹੈ ਇੰਟਰਨੈਸ਼ਨਲ ਵਿਦਿਆਰਥੀਆਂ ਦੇ 'ਵੀਜ਼ੇ'?

ਸਰੀ-ਕੈਨੇਡਾ, ਆਸਟ੍ਰੇਲੀਆ ਜਿਹੇ ਦੇਸ਼ਾਂ ਵਿਚ ਕਰੀਅਰ ਬਣਾਉਣ ਦੀ ਇੱਛਾ ਰੱਖਣ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਕਈ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਇਹਨਾਂ ਵਿਚ ਪੰਜਾਬ ਤੋਂ ਸੱਟਡੀ ਬੇਸ 'ਤੇ ਵਿਦੇਸ਼ ਜਾਣ ਦੀ ਇੱਛਾ ਰੱਖਣ ਵਾਲੇ ਵਿਦਿਆਰਥੀਆਂ ਦੀਆਂ ਅਰਜ਼ੀਆਂ ਵੱਡੀ ਗਿਣਤੀ ਵਿਚ ਨਾਮਨਜ਼ੂਰ ਹੋ ਰਹੀਆਂ ਹਨ। ਇਸ ਦੇ ਪ੍ਰਮੱਖ ਕਾਰਨ ਫਰਜ਼ੀ ਬੈਂਕ ਸਟੇਟਮੈਂਟ, ਬਰਥ ਸਰਟੀਫਿਕੇਟ ਅਤੇ ਐਜੁਕੇਸ਼ਨ ਗੇਪ ਨੂੰ ਲੈ ਕੇ ਤਿਆਰ ਕੀਤੇ ਜਾਣ ਵਾਲੇ ਫਰਜ਼ੀ ਦਸਤਾਵੇਜ਼ ਹੋਣਾ ਹੈ ਅਤੇ ਨਾਲ ਹੀ ਅਧਿਕਾਰੀਆਂ ਇਸ ਸਬੰਧੀ ਸ਼ੱਕ ਹੋਣਾ ਹੈ।

2020-21 ਵਿਚ ਆਸਟ੍ਰੇਲੀਆ ਦੇ ਡਿਪਾਰਟਮੈਂਟ ਆਫ ਹੋਮ ਅਫੇਅਰਜ਼ ਨੇ ਪੰਜਾਬ, ਹਰਿਆਣਾ ਨਾਲ ਸਬੰਧਤ 600 ਤੋਂ ਵੱਧ ਅਜਿਹੇ ਮਾਮਲੇ ਫੜੇ, ਜਿਹਨਾਂ ਵਿਚ ਆਸਟ੍ਰੇਲੀਆ ਦਾ ਐਜੁਕੇਸ਼ਨ ਵੀਜ਼ਾ ਹਾਸਲ ਕਰਨ ਲਈ ਫਰਜ਼ੀ ਦਸਤਾਵੇਜ਼ ਲਗਾਏ ਗਏ ਸਨ। ਉੱਥੇ ਕੈਨੇਡੀਅਨ ਹਾਈ ਕਮਿਸ਼ਨ ਵੱਲੋਂ ਇਕ ਸਾਲ ਵਿਚ ਫੜੇ ਅਜਿਹੇ ਮਾਮਲਿਆਂ ਦਾ ਅੰਕੜਾ 2500 ਤੋਂ ਵਧੇਰੇ ਹੈ। ਅਜਿਹੇ ਹੀ ਮਾਮਲੇ ਨਿਊਜ਼ੀਲੈਂਡ, ਯੂਕੇ, ਅਮਰੀਕੀ ਅੰਬੈਸੀਆਂ ਵੱਲੋਂ ਵੀ ਫੜੇ ਜਾ ਚੁੱਕੇ ਹਨ। ਕੈਨੇਡਾ ਦੇ ਵੀਜ਼ਾ ਰੱਦ ਹੋਣ ਦੀ ਦਰ 41 ਫੀਸਦੀ ਪਹੁੰਚ ਗਈ ਹੈ। ਕੋਵਿਡ ਤੋਂ ਪਹਿਲਾਂ ਇਹ ਦਰ 15 ਫੀਸਦ ਸੀ। ਕਈ ਮਾਹਰਾਂ ਮੁਤਾਬਕ ਅਜਿਹਾ ਹੋਣ ਕਰ ਕੇ ਕੋਵਿਡ ਕਾਰਨ 2 ਸਾਲ ਤੋਂ ਐਪਲੀਕੇਸ਼ਨ ਪੈਂਡਿੰਗ ਹੋਣਾ ਵੀ ਹੈ। ਸਿਟੀਜਨਸ਼ਿਪ ਐਂਡ ਇਮੀਗ੍ਰੇਸ਼ਨ 'ਤੇਸਟੈਂਡਿੰਗ ਕਮੇਟੀ ਦੀ ਨਵੀਂ ਰਿਪੋਰਟ ਮੁਤਾਬਕ 2021 ਵਿਚ ਸਟੱਡੀ ਵੀਜ਼ਾ ਲਈ 225,402 ਅਰਜੀਆਂ ਪ੍ਰੋਸੈੱਸ ਕੀਤੀਆਂ ਗਈਆਂ ਅਤੇ ਉਹਨਾਂ ਵਿਚੋਂ 91,439 ਖਾਰਿਜ ਕਰ ਦਿੱਤੀਆਂ ਗਈਆਂ ਮਤਲਬ ਕਰੀਬ 41 ਫੀਸਦੀ ਅਰਜ਼ੀਆਂ ਖਾਰਿਜ ਕਰ ਦਿੱਤੀਆਂ ਗਈਆਂ।

**ਵੀਜ਼ਾ ਨਾਮਨਜ਼ੂਰ ਹੋਣ ਦੇ ਕਾਰਨ**

***ਸਧਾਰਨ ਕੋਰਸਾਂ ਵਿਚ ਦਾਖਲੇ 'ਤੇ ਵੀਜ਼ਾ ਅਫਸਰਾਂ ਨੂੰ ਸ਼ੱਕ**

ਕਈ ਮਾਮਲਿਆਂ ਵਿਚ ਵੀਜ਼ਾ ਅਫਸਰ ਨੂੰ ਸ਼ੱਕ ਹੋ ਜਾਂਦਾ ਹੈ ਕਿ ਵਿਦਿਆਰਥੀ ਸਟੱਡੀ ਦੇ ਬਹਾਨੇ ਇਮੀਗ੍ਰੇਸ਼ਨ ਲਈ ਜਾ ਰਿਹਾ ਹੈ। ਭਾਰਤ ਵਿਚ ਕਾਮਰਸ, ਨਾਨ-ਮੈਡੀਕਲ ਆਦਿ ਦੇ ਵਿਦਿਆਰਥੀ ਵੀ ਕੈਨੇਡੈ ਵਿਚ ਵੀਜ਼ਾ ਲਈ ਕੇਅਰ ਗਿਵਰਸ, ਡਿਪਲੋਮਾ ਇਨ ਸੈਲੂਨ ਮੈਨੇਜਮੈਂਟ, ਫੂਡ ਕ੍ਰਾਫਟ ਆਦਿ ਆਸਾਨ ਕੋਰਸਾਂ ਲਈ ਅਰਜ਼ੀ ਦਿੰਦੇ ਹਨ। ਇਸ ਨਾਲ ਵੀਜ਼ਾ ਅਫਸਰ ਨੂੰ ਜ਼ਿਆਦਾ ਸ਼ੱਕ ਹੋ ਜਾਂਦਾ ਹੈ ਅਤੇ ਸੰਤੁਸ਼ਟੀ ਵਾਲਾ ਜਵਾਬ ਨਾ ਮਿਲਣ 'ਤੇ ਵੀਜ਼ਾ ਨਹੀਂ ਦਿੱਤਾ ਜਾਂਦਾ।

***ਭਾਰਤੀਆਂ ਦੇ ਸਾਢੇ 9 ਲੱਖ ਲੋਕ ਵੀਜ਼ਾ ਲਈ ਕਤਾਰ 'ਚ**

ਭਾਰਤ ਤੋਂ 96,378 ਲੋਕਾਂ ਦੇ ਪਰਮਾਨੈਂਟ ਰੈਜੀਡੈਸੀ ਅਰਜ਼ੀਆਂ ਕੈਨੇਡਾ ਸਰਕਾਰ ਕੋਲ ਪ੍ਰੋਸੈਸਿੰਗ ਲਈ ਪਈਆਂ ਹਨ। 4,30,286 ਦੀਆਂ ਅਸਥਾਈ ਰੈਜੀਡੈਂਸ ਵੀਜ਼ਾ ਅਰਜ਼ੀਆਂ ਹਨ। ਇਸ ਦੇ ਇਲਾਵਾ ਵੱਖ-ਵੱਖ ਕੈਟੇਗਰੀ ਦੇ ਕੁੱਲ ਮਿਲਾ ਕੇ 9,56,950 ਅਰਜ਼ੀਆਂ 31 ਮਾਰਚ 2022 ਤੱਕ ਕੈਨੇਡਾ ਸਰਕਾਰ ਕੋਲ ਪੈਂਡਿੰਗ ਪਈਆਂ ਹਨ। ਕੈਨੇਡਾ ਕੋਲ ਦੁਨੀਆ ਭਰ ਤੋਂ ਕੁੱਲ 25 ਲੱਖ ਅਰਜ਼ੀਆਂ ਪੈਂਡਿੰਗ ਹਨ।

GURNAAZ WORLDWIDE IMMIGRATION
GWIS
LIVE YOUR DREAM
ਅਸੀਂ ਇਮੀਗਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

***ਫਰਜ਼ੀ ਬੈਂਕ ਸਟੇਟਮੈਂਟ**

ਕਈ ਵੀਜ਼ਾ ਏਜੰਟ ਵਿਦਿਆਰਥੀਆਂ ਤੋਂ ਤੈਅ ਫੀਸ ਲੈ ਕੇ ਬੈਂਕ ਸਟੇਟਮੈਂਟ ਬਣਵਾਉਣ ਦੀ ਗਾਰੰਟੀ ਦਿੰਦੇ ਹਨ। ਉਹ ਵਿਦਿਆਰਥੀਆਂ ਦੇ ਬੈਂਕ ਖਾਤੇ ਵਿਚ ਜ਼ਰੂਰੀ ਪੈਸੇ ਆਪਣੇ ਪੱਧਰ 'ਤੇ ਟਰਾਂਸਫਰ ਕਰਦੇ ਹਨ ਜਾਂ ਵਿਦਿਆਰਥੀ ਖੁਦ ਆਪਣੇ ਅਕਾਊਂਟ ਵਿਚ ਜਮਾਂ ਕਰਦੇ ਹਨ। ਕੁਝ ਹਫ਼ਤੇ ਫੰਡ ਰੱਖਣ ਦੇ ਬਾਅਦ ਸਟੇਟਮੈਂਟ ਲਈ ਜਾਂਦੀ ਹੈ। ਉਸ ਮਗਰੋਂ ਫੰਡ ਮੁੜ ਟਰਾਂਸਫਰ ਕਰ ਲਿਆ ਜਾਂਦਾ ਹੈ। ਅੰਬੈਸੀਆਂ ਦੀ ਜਾਂਚ ਵਿਚ ਸਾਰਾ ਮਾਮਲਾ ਸਾਹਮਣੇ ਆ ਗਿਆ ਹੈ।

***ਫਰਜ਼ੀ ਸਰਟੀਫਿਕੇਟ**

ਇਕ ਵਾਰ ਪੜ੍ਹਾਈ ਛੱਡ ਦੇਣ ਮਗਰੋਂ ਮੁੜ ਅਰਜ਼ੀ ਦੇਣ ਦੇ ਵਿਚਕਾਰ ਆਏ ਅੰਤਰ ਨੂੰ ਲੈ ਕੇ ਫਰਜ਼ੀ ਸਰਟੀਫਿਕੇਟ ਤਿਆਰ ਕੀਤੇ ਜਾਂਦੇ ਹਨ। ਐਕਸਪੀਰੀਅੰਸ ਸਰਟੀਫਿਕੇਟ ਵੀ ਫਰਜ਼ੀ ਪਾਏ ਗਏ ਹਨ। ਉੱਥੇ ਜਨਮ ਸਰਟੀਫਿਕੇਟ ਤੋਂ ਲੈਕੇ ਪਾਸਪੋਰਟ ਬਣਵਾਉਣ ਵਿਚ ਵੀ ਗੜਬੜੀਆਂ ਫੜੀਆਂ ਗਈਆਂ ਹਨ।

**ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀ**

2019 ਵਿਚ 1,32,620, 2020 ਵਿਚ 43,624

2021 ਵਿਚ 1,02,688, 2022 (30 ਜੂਨ ਤੱਕ) 60,258

59 ਫੀਸਦੀ ਪੋਸਟ ਕੋਵਿਡ ਵੀਜ਼ਾ ਮਿਲਣ ਦਰ ਅਤੇ 85 ਫੀਸਦੀ ਪ੍ਰੀ-ਕੋਵਿਡ ਵੀਜ਼ਾ ਮਿਲਣ ਦੀ ਦਰ ਰਹੀ। ਕੈਨੇਡਾ ਨੇ ਬੀਤੇ ਸਾਲ ਵਿਚ ਭਾਰਤ ਦੇ 41 ਫੀਸਦੀ, ਆਸਟ੍ਰੇਲੀਆ ਦੇ 38 ਫੀਸਦੀ, ਚੀਨ ਦੇ 17 ਫੀਸਦੀ, ਅਮਰੀਕਾ ਦੇ 13 ਫੀਸਦੀ, ਯੂਕੇ ਦੇ 11 ਫੀਸਦੀ ਵਿਦਿਆਰਥੀਆਂ ਦੀਆਂ ਵੀਜ਼ਾ ਅਰਜ਼ੀਆਂ ਖਾਰਿਜ ਕਰ ਦਿੱਤੀਆਂ। ਕੈਨੇਡਾ ਦੀ ਇੰਮੀਗਰੇਸ਼ਨ ਸਬੰਧੀ ਕਿਸੇ ਵੀ ਸਵਾਲ ਦਾ ਜੁਆਬ ਲੈਣ ਲਈ ਸਾਡੇ ਨਾਲ ਸੰਪਰਕ ਕਰੋ। ਗੁਰਨਾਜ਼ ਵਰਲਡ ਵਾਈਡ ਇੰਮੀਗਰੇਸ਼ਨ ਸਰੀ:ਫੋਨ 778-869-1097 ਜਾਂ 778-862-0034

# ਇੰਦੌਰ 'ਚ ਗੁਰਦੁਆਰਾ ਇਮਲੀ ਸਾਹਿਬ 'ਤੇ ਲਹਿਰਾਇਆ ਗਿਆ ਤਿਰੰਗਾ, ਸ਼੍ਰੋਮਣੀ ਕਮੇਟੀ ਨੇ ਕੀਤੀ ਨਿਖੇਧੀ




ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਨੇ ਆਜ਼ਾਦੀ ਦੇ 75ਵੇਂ ਅੰਮ੍ਰਿਤ ਮਹੋਤਸਵ ਤਹਿਤ ਚਲਾਈ ਜਾ ਰਹੀ 'ਹਰ ਘਰ ਤਿਰੰਗਾ' ਮੁਹਿੰਮ ਤਹਿਤ ਮੱਧ ਪ੍ਰਦੇਸ਼ ਦੇ ਇੰਦੌਰ ਸਥਿਤ ਗੁਰਦੁਆਰਾ ਸਾਹਿਬ ਵਿਖੇ ਤਿਰੰਗਾ ਲਹਿਰਾਉਣ ਦਾ ਮਾਮਲਾ ਭਖ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਉਤੇ ਸਖਤ ਇਤਰਾਜ਼ ਕੀਤਾ ਹੈ।ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਦੋਸ਼ੀ ਲੋਕਾਂ ਖਿਲਾਫ ਕਾਰਵਾਈ ਦੀ ਗੱਲ ਵੀ ਆਖੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਹੈ ਕਿ ਸੋਸ਼ਲ ਮੀਡੀਆ ਰਾਹੀਂ ਮੇਰੇ ਧਿਆਨ ਵਿੱਚ ਆਇਆ ਹੈ ਕਿ ਇਤਿਹਾਸਕ ਗੁਰਦੁਆਰਾ ਇਮਲੀ ਸਾਹਿਬ, ਇੰਦੌਰ ਵਿਖੇ ਤਿਰੰਗਾ ਲਹਿਰਾਇਆ ਗਿਆ ਹੈ, ਜਿਸ ਦੀ ਮੈਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹਾਂ।ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਸ ਇਤਿਹਾਸਕ ਗੁਰਦੁਆਰਾ ਸਾਹਿਬ ਵਿੱਚ ਸਿੱਖ ਰਹਿਤ ਮਿਰਆਦਾ ਅਨੁਸਾਰ ਕੇਵਲ ਖ਼ਾਲਸਈ ਨਿਸ਼ਾਨ ਸਾਹਿਬ ਹੀ ਝੁਲਾਇਆ ਜਾ ਸਕਦਾ ਹੈ।ਸ਼੍ਰੋਮਣੀ ਕਮੇਟੀ ਦੇ ਮੁਖੀ ਧਾਮੀ ਦਾ ਕਹਿਣਾ ਹੈ ਕਿ ਇਸ ਘਟਨਾ ਲਈ ਗੁਰਦੁਆਰਾ ਪ੍ਰਬੰਧਕ ਜਾਂ ਪ੍ਰਸ਼ਾਸਨ, ਜਿਸ ਨੇ ਵੀ ਇਹ ਗਲਤੀ ਕੀਤੀ ਹੈ, ਜ਼ਿੰਮੇਵਾਰ ਹੈ। ਉਨ੍ਹਾਂ ਘਟਨਾ ਦੀ ਤੁਰੰਤ ਜਾਂਚ ਦੇ ਹੁਕਮ ਦਿੱਤੇ ਹਨ।ਉਨ੍ਹਾਂ ਕਿਹਾ ਕਿ ਇਸ ਜਾਂਚ ਵਿੱਚ ਜੋ ਵੀ ਦੋਸ਼ੀ ਪਾਇਆ ਗਿਆ, ਉਸ ਖ਼ਿਲਾਫ਼ ਅਗਲੀ ਕਾਰਵਾਈ ਕੀਤੀ ਜਾਵੇਗੀ।

AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323

GARCHA Plumbing Heating & Repair Ltd.

15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

New Healing Touch Accupressure
I.A.M.A
(Practising Chandel's Method)
We Cure: Back Pain, Neck/Shoulder, Sciatica Pain, Stress, Migraine Pain, Digestive Disorder, Solar Plexus, Asthma, Depression, Anxiety Infertility/Conception, Fibromyalgia, Slipped Disk, Cervical Spondylitis, leg/Knee Pain, Tensions, Headaches, Constipation, Fatigue, Arthritis, Obesity, Parkinson's Disease, High Blood pressure, Minieres, harmonal imbalance, (M.S) Muscular Dystrophy, Stroke, Cancer and much more...
We Specialize in Ladies & Children Problems
Height Increase & Conception Cases
- Quick Checkup and Effective Relief
- No Medication, No Needles
- No Side Effects
- All Natural Form Of Healing

Experience The Most Powerful Whole Body Detoxification Exiting In The World
First Consultation FREE
Dr. Sukhpal Sangha (M.D.A)
Certified Accupressurist,
Director OF International Accupressure Medical Accosiation USA
Email: sanghasukhpal@gmail.com
604-857-2806

# ਮਦਰ ਇੰਡੀਆ

## ਹਰਬਲ ਸ਼ੈਪੂ ਨਾਲ ਵਾਲ ਕਾਲੇ ਕਰੋ
## ਸਿਰਫ 7 ਮਿੰਟਾਂ ਵਿੱਚ

**NOW IN BOTTLE**

Available in
8 different colors
**Natural Brown**
**Dark Brown**
**Natural Black**
**Burgandy**
& more...










Ginger Shampoo    Organ Oil

- ਕੋਈ ਬੋਅ ਨਹੀਂ
- ਨਾ ਕੋਈ ਕੈਮੀਕਲ
- ਨਾ ਅਮੋਨੀਆ
- ਚਮੜੀ ਉਪਰ ਕੋਈ ਦਾਗ ਨਹੀਂ ਪੈਂਦਾ
- ਟੱਬ ਵਿੱਚ ਕੋਈ ਨਿਸ਼ਾਨ ਨਹੀਂ ਪੈਂਦਾ
- ਲੱਗਭੱਗ ਇੱਕ ਮਹੀਨੇ ਤੱਕ ਕਲਰ ਰਹਿੰਦਾ ਹੈ
- ਜੈਤੂਨ ਦੇ ਤੇਲ ਨਾਲ ਬਣਿਆ
- ਸਿਰਫ 7 ਮਿੰਟ ਲਾਉਣ ਦੀ ਲੋੜ



# ਮਦਰ ਇੰਡੀਆ

6647 Main Street (50th Ave.) Vancouver BC V5X 3H3

ਨਰੇਸ਼ ਸ਼ੁਕਲਾ

**TEL: 604-430-6072** Email: nareshcanada@hotmail.com

# HOSPITAL TO HOME

Qualicare®




## ਸਰੀ/ਡੈਲਟਾ/ਵਾਈਟ ਰੌਕ 'ਚ ਹੋਮ ਨਰਸਿੰਗ ਕੇਅਰ ਸੇਵਾਵਾਂ ਉਪਲਬਧ

ਸਰੀ ਵਿੱਚ ਹੋਮ ਕੇਅਰ (ਨਰਸਿੰਗ) ਸੇਵਾਵਾਂ ਸਬੰਧੀ ਨਵੀਂ ਕੰਪਨੀ 'ਕੁਆਲੀ ਕੇਅਰ ਹੋਮ ਕੇਅਰ ਸਰਵਿਸਿਜ' ਨੇ ਸਰੀ, ਡੈਲਟਾ ਅਤੇ ਵਾਈਟ ਰੌਕ ਦੇ ਵਸਨੀਕਾਂ ਲਈ ਆਪਣੀਆਂ ਸੇਵਾਵਾਂ 18 ਅਪ੍ਰੈਲ ਤੋਂ ਸ਼ੁਰੂ ਕਰ ਦਿੱਤੀਆਂ ਹਨ। ਕੰਪਨੀ ਦੀ ਪ੍ਰਮੁੱਖ ਸ਼ੈਲੀ ਪਟੇਲ ਜਿਨ੍ਹਾਂ ਨੂੰ ਹੈਲਥ ਕੇਅਰ ਸੈਕਟਰ ਵਿੱਚ ਲੰਬਾ ਤਜ਼ਰਬਾ ਹੈ ਨੇ ਦੱਸਿਆ ਕਿ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਣ ਉਪਰੰਤ ਵੀ ਤੰਦਰੁਸਤ ਹੋਣ ਤੱਕ ਦੇ ਸਮੇਂ, ਬਿਮਾਰ ਵਿਅਕਤੀਆਂ, ਅਲਜ਼ਾਈਮਰ ਅਤੇ ਹੋਰ ਗੰਭੀਰ ਰੋਗਾਂ ਦੇ ਮਰੀਜ਼ਾਂ ਲਈ ਅਤੇ ਬਜ਼ੁਰਗ ਜਿਨ੍ਹਾਂ ਨੂੰ ਘਰ ਵਿੱਚ ਹੀ ਨਰਸਿੰਗ ਅਤੇ ਸੇਵਾ ਸੰਭਾਲ ਦੀ ਲੋੜ ਹੈ, ਨੂੰ ਵਿਸ਼ਵ ਪੱਧਰੀ ਕੁਆਲਟੀ, ਵਾਜ਼ਿਬ ਰੇਟ ਅਤੇ 24/7 ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।



## Hospital to Home

### Get Well . Get Home . Get Back To Life

From the very first phone call we'll help you get the right care that fits your life. Our Care Experts are always available

**So call 1 778-735-2474**

or visit qualicare.com/deltasurrey to get started.

**Step 1: GET WELL**

**Hospital staff are often overworked, making it a challenge to attend to all their patients' needs. We can begin private care in the hospital to help you or your loved one get home more quickly.**

**Step 2: GET HOME**

**Being medically stable enough to be discharged from the hospital rarely means that rehabilitating patients can return to life as normal right away. We'll help your family plan for a safe return home.**

**Step 3: GET BACK TO LIFE**

**The last thing anyone wants is readmission to the hospital. So, we'll provide the care needed now and adjust appropriately as independence is regained or circumstances evolve.**

## ਸੇਵਾਵਾਂ ਦੇ ਵਿਸਥਾਰ ਅਤੇ ਰਜਿਸਟਰੇਸ਼ਨ ਲਈ ਸੰਪਰਕ ਕਰੋ:ਸ਼ੈਲੀ ਪਟੇਲ

## 778-735-2474 ਜਾਂ 604-782-5605

**For more information on Qualicare of Delta, Surrey and White Rock, please visit https://www.qualicare.com/deltasurrey/ or call 778-735-2474/604-782-5605**

# ਇੰਡੀਅਨ ਐਕਸ ਸਰਵਿਸ ਮੈਨ ਸੁਸਾਇਟੀ ਬੀ.ਸੀ ਸਰੀ ਨੇ 75ਵਾਂ ਅਜ਼ਾਦੀ ਦਿਵਸ ਮਨਾਇਆ



ਵੈਨਕੂਵਰ:ਇੰਡੀਅਨ ਐਕਸ ਸਰਵਿਸ ਮੈਨ ਸੁਸਾਇਟੀ ਬੀ.ਸੀ ਸਰੀ ਦੇ ਪ੍ਰਮੁੱਖ ਮੈਂਬਰ ਜਿਨਾ ਵਿੱਚ ਪ੍ਰਧਾਨ ਕੈਪਟਨ ਮੁਹਿੰਦਰ ਸਿੰਘ ਜਸਵਾਲ  ਦੀ ਅਗਵਾਈ ਵਿੱਚ ਬਾਕੀ ਸਾਰੇ ਮੈਂਬਰ ਹੁਮ ਹੁੰਮਾ ਕੇ ਭਾਰਤ ਦੀ ਅਜ਼ਾਦੀ ਦਾ 75 ਵਾਂ ਅਮ੍ਰਿਤ ਮਹਾ ਉਤਸਵ ਵਿੱਚ ਸ਼ਾਮਲ ਹੋਣ ਲਈ ਕੌਸਲ ਜਰਨਲ ਆਫ ਇੰਡੀਆਂ ਦੇ ਦਫਤਰ ਵੈਨਕੂਵਰ ਪਹੁੰਚੇ। ਜਿਥੇ ਭਾਰਤੀ ਝੰਡੇ ਤਿਰੰਗੇ ਨੂੰ ਸਲਾਮੀ ਦਿੱਤੀ ਗਈ। ਸਰੀ ਦੇ ਅੰਪਾਇਰ ਬੁਕਿਉਟ ਹਾਲ ਵਿੱਚ ਇੰਡੀਅਨ ਐਕਸ ਸਰਵਿਸ ਮੈਨ ਸੁਸਾਇਟੀ ਦੇ ਮੈਂਬਰਾਂ ਨੇ ਰਾਤ ਦੇ ਸਮਾਗਮ ਵਿੱਚ ਵੀ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ।

# ਬੱਚੀ ਮਾਇਆ ਕੌਰ ਨੂੰ 10 ਵੇਂ ਜਨਮ ਦਿਨ ਦੀ ਵਧਾਈ



ਰਿਚਮੰਡ (ਬਲਵੰਤ ਸਿੰਘ ਸੰਘੇੜਾ):ਰਿਚਮੰਡ ਸਥਿਤ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਨੰਬਰ 5 ਰੋਡ ਵਿਖੇ 13 ਅਗਸਤ ,ਦਿਨ ਐਤਵਾਰ ਨੂੰ ਬੱਚੀ ਮਾਇਆ ਕੌਰ ਭਾਰਜ ਦਾ ਦਸਵਾਂ ਜਨਮ ਦਿਨ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਭਾਰਜ ਅਤੇ ਨਾਹਲ ਪਰਿਵਾਰਾਂ ਵਲੋਂ ਇਸ ਖੁਸ਼ੀ ਦੇ ਮੌਕੇ ਉਪਰ ਕੀਰਤਨ ਅਤੇ ਲੰਗਰ ਦੀ ਸੇਵਾ ਨਿਭਾਈ ਗਈ।

ਇਸ ਸ਼ੁਭ ਅਵਸਰ ਉਪਰ ਗੁਰੂ ਘਰ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਬਹੁਤ ਹੀ ਮਧੁਰ ਕੀਰਤਨ ਨਾਲ ਨਿਹਾਲ ਕੀਤਾ।

ਇਸ ਉਪਰੰਤ ਸੰਗਤਾਂ ਨੇ ਲੰਗਰ ਦਾ ਅਨੰਦ ਮਾਣਿਆ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਦਾਸ(ਬਲਵੰਤ ਸਿੰਘ ਸੰਘੇੜਾ) ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਸੀਂ ਮਾਇਆ ਕੋਰ ਭਾਰਜ ਦੇ ਦਸਵੇਂ ਜਨਮ ਦਿਨ ਦੀ ਉਸ ਦੇ ਪਿਤਾ ਜਗਦੀਪ ਸਿੰਘ ਭਾਰਜ, ਮਾਤਾ ਸੁਖਜੀਤ ਕੋਰ ਭਾਰਜ, ਦਾਦਾ ਜੀ, ਦਾਦੀ ਜੀ, ਨਾਨਾ ਜੀ ,ਨਾਨੀ ਜੀ ਸਭ ਨੂੰ ਲੱਖ ਲੱਖ ਵਧਾਈ ਦਿੰਦੇ ਹਾਂ। ਸਾਡੀ ਵਾਹਿਗੁਰੂ ਅੱਗੇ ਇਹੀ ਅਰਦਾਸ ਹੈ ਕਿ ਬੱਚੀ ਮਾਇਆ ਦੇ ਸਿਰ ਉਪਰ ਹਰ ਵੇਲੇ ਆਪਣਾ ਮੇਹਰ ਭਰਿਆ ਹੱਥ ਰੱਖੇ ਅਤੇ ਇਸ ਨੂੰ ਉੱਚੀ ਵਿਦਿਆ, ਤੰਦਰੁਸਤ ਜੀਵਨ ਅਤੇ ਇਕ ਚੰਗੇ ਸ਼ਹਿਰੀ ਬਨਣ ਦੀ ਸਮਰਥਾ ਬਖਸ਼ੇ।

# ਜੈਕਲੀਨ ਫਸ ਗਈ ਵਿੱਤੀ ਘੁਟਾਲੇ ਵਿੱਚ

ਮੁੰਬਈ:-ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਬੁੱਧਵਾਰ ਨੂੰ ਬਾਲੀਵੁੱਡ ਅਭਿਨੇਤਰੀ ਜੈਕਲੀਨ ਫਰਨਾਂਡੀਜ਼



ਨੂੰ ਕਥਿਤ ਦੋਸ਼ੀ ਸੁਕੇਸ਼ ਚੰਦਰਸ਼ੇਖਰ ਅਤੇ ਹੋਰਾਂ ਨਾਲ ਜੁੜੇ 200 ਕਰੋੜ ਰੁਪਏ ਤੋਂ ਵੱਧ ਦੇ ਮਨੀ ਲਾਂਡਰਿੰਗ ਮਾਮਲੇ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੈ। 36 ਸਾਲਾ 'ਵਿਕਰਾਂਤ ਰੋਨਾ' ਸਟਾਰ ਤੋਂ ਇਸ ਮਾਮਲੇ 'ਚ ਸੰਘੀ ਏਜੰਸੀ ਨੇ ਕਈ ਵਾਰ ਪੁੱਛਗਿੱਛ ਕੀਤੀ ਹੈ। ਉਸ ਨੂੰ ਆਖ਼ਰੀ ਵਾਰ ਈਡੀ ਨੇ ਜੂਨ ਵਿੱਚ ਪੁੱਛਗਿੱਛ ਕੀਤੀ ਸੀ। ਇਸ ਸਾਲ ਅਪ੍ਰੈਲ ਵਿੱਚ, ਈਡੀ ਨੇ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐੱਮਐੱਲਏ) ਦੇ ਤਹਿਤ ਕੇਸ ਵਿੱਚ ਜੈਕਲੀਨ ਦੀ 7.27 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਸੀ।


MB BRAR & Co.
Accounting & Business Professionals

INCOME TAX ਇਨਕਮ ਟੈਕਸ
Nil Income Still Eligible For Refunds. E-file For Faster Refunds
ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:
For Prompt, Polite And Professional Services, Please See Us

- Personal Tax (T1) • ਪਰਸਨਲ ਟੈਕਸ
- Sole Proprietor • ਪ੍ਰੋਪਰਾਇਟਰ
- Corporate Tax (T2) • ਕੋਰਪੋਰੇਟ ਟੈਕਸ
- Partnerships • ਪਾਰਟਨਰਸ਼ਿਪ
- GST, PST & HST • ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- WCB • ਡਬਲਿਊ.ਸੀ.ਬੀ.
- CRA Reviews • ਸੀ.ਆਰ.ਏ. ਰਿਵੀਉਜ਼
- Business Planning • ਬਿਜਨਿਸ ਪਲੈਨਿੰਗ

All Revenue Canada applications and inquiries.

Mandeep Brar: 778-908-3317
mandeep@brarco.ca



Continental Immigration Solutions
"Helping Make Canada Home"

- Super Visa • ਸੁਪਰ ਵੀਜ਼ਾ
- Permanent Residence • ਪਰਮਾਨੈਂਟ ਰੇਜੀਡੈਂਸ
- Study Permit • ਸਟੱਡੀ ਪਰਮਿਟ
- Work Permit • ਵਰਕ ਪਰਮਿਟ
- Provincial Nominations • ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- Spousal Sponsorship • ਪਤੀ/ਪਤਨੀ ਸਪੌਂਸਰਸ਼ਿਪ

Sukhvir Chand
RCIC, BBA
778-549-6851
sukh@cisonline.ca
www.cisonline.ca
Commissioner of Oaths for British Columbia
Member of CAPIC
iccrc crcic

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284




For Bookings, Contact:

Ph:604-203-7272

Email:info@dreambanquethall.ca

7236 -120St, Surrey, BC

ਬੀ.ਸੀ. ਵਿੱਚ ਕੋਵਿਡ-19

## ਕੋਵਿਡ-19 ਪਿਡ੍ਰੀਐਟਿਕ ਵੈਕਸੀਨ ਹੁਣ 6 ਮਹੀਨੇ ਤੋਂ 4 ਸਾਲ ਤੱਕ ਦੇ ਬੱਚਿਆਂ ਲਈ ਮਨਜ਼ੂਰ ਕਰ ਦਿੱਤੇ ਗਏ ਹਨ।

ਬੱਚਿਆਂ ਦੇ ਇਮਿਊਨ ਸਿਸਟਮ ਲਈ ਤਿਆਰ ਕੀਤੇ ਗਏ, ਪਿਡ੍ਰੀਐਟਿਕ ਵੈਕਸੀਨ ਬਾਲਗਾਂ ਦੀ ਖੁਰਾਕ ਨਾਲੋਂ ਘੱਟ ਖੁਰਾਕ ਪ੍ਰਦਾਨ ਕਰਦੇ ਹਨ ਅਤੇ ਬੱਚਿਆਂ ਦੀ ਸੁਰੱਖਿਆ ਵਿੱਚ ਮਦਦ ਕਰਦੇ ਹਨ। ਕੈਨੇਡਾ ਦੇ ਪਿਡ੍ਰੀਐਟਿਕ ਵੈਕਸੀਨ ਦੀ ਸਖਤੀ ਨਾਲ ਜਾਂਚ ਕੀਤੀ ਗਈ ਹੈ ਅਤੇ ਇਹ ਸੁਰੱਖਿਅਤ ਹਨ। ਟੀਕਾਕਰਣ ਬੱਚਿਆਂ ਨੂੰ ਗੰਭੀਰ ਰੂਪ ਵਿੱਚ ਬੀਮਾਰ ਹੋਣ ਅਤੇ ਹਸਪਤਾਲ ਵਿੱਚ ਦਾਖਲ ਹੋਣ ਤੋਂ ਬਚਾਅ ਵਿੱਚ ਮਦਦ ਕਰਦਾ ਹੈ।



ਪੰਜਾਬੀ ਵਿੱਚ ਹੋਰ ਜਾਣੋ:
gov.bc.ca/under5vaccines-PUN

BRITISH COLUMBIA



ਵਿਆਹ ਸ਼ਾਦੀ, ਐਨੀਵਰਸਰੀ ਅਤੇ ਜਨਮ ਦਿਨ ਦੀਆਂ ਪਾਰਟੀਆਂ ਨੂੰ ਚਾਰ ਚੰਨ ਲਾਉਣ ਲਈ



## ਜਗਰੂਪ ਢਿੱਲੋਂ ਐਂਡ ਪਾਰਟੀ

ਨਾਲ ਸੰਪਰਕ ਕਰੋ

ਅਸੀਂ ਲੇਡੀਜ਼ ਸੰਗੀਤ, ਸੁਹਾਗ, ਜਾਗੋ, ਬੋਲੀਆਂ, ਘੋੜੀਆਂ, ਲੋਕ ਗੀਤਾਂ ਵਿੱਚ ਮਾਹਿਰ ਹਾਂ। ਤੁਹਾਡੀ ਪਾਰਟੀ ਯਾਦਗਾਰੀ ਬਣ ਜਾਵੇਗੀ

ਜਗਰੂਪ ਢਿੱਲੋਂ ਨੂੰ ਸੰਪਰਕ ਕਰੋ:
604.401.9335
604.379.9572
778.593.9335





ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: 604-518-3637
ਜਾਂ ਈਮੇਲ ਕਰੋ hssandhupcs@gmail.com





## FOR ALL YOUR DENTAL NEEDS

In Cloverdale & South Surrey



Dr. Inderpreet Sandhu
BDS, DDS

## CLOVERDALE VILLAGE DENTAL

Services Provided

- Dental Exams/X-rays
- Dental Fillings
- Extractions/Oral Surgery
- Teeth Whitening
- Cleaning & Polishing
- Crowns & Bridges
- Dentures & Mouth Guards
- Root Canal Treatment

A House of Family Dentistry

5635 - 176A Street, Surrey, BC
(across the street from Cloverdale Library)
Cloverdalevillagedental@gmail.com

604-579-0102



LIQUOR discounter
Friday Aug 05, 2022 until Sunday Sept 04, 2022
$86.99 PATRON REPOSADO 750ML
$60.99 JOHNNIE WALKER RED LABEL 1.75L
$59.99 JOHNNIE WALKER BLACK LABEL 750ML
$54.99 GIBSONS STERLING 1.75L
$54.99 BAILEYS ORIGINAL 1.75L
$52.99 1.75L ABSOLUT VODKA $23.99 750ML
$16.99 19 CRIMES CALI ROSE 750ML
$48.79 WISERS 1.75L
$49.99 SMIRNOFF VODKA 1.75L
$45.99 CIROC APPLE BLUE PEACH 750ML
$42.49 MAKERS MARK BOURBON 750ML
$35.99 STOLICHNAYA VODKA 1.14L
$35.99 CAPTAIN MORGAN 1.14L
$10.49 BASK PINOT NOIR 750ML
$35.49 CAZADOREZ BLANCO 750ML
$34.99 TANQUERAY 1.14L
$33.99 JAMESON 750ML
$33.99 JACK DANIELS 750ML
$27.99 SIERRA BLANCO 750ML
$25.99 KAHLUA 750ML
$9.79 BODACIOUS CAB SAUV 750ML
$25.49 PINK WHITNEY 750ML
$23.99 CROWN ROYAL 750ML
BELOW Government Store Prices!
$22.99 WISERS 750ML
$20.79 JOSE CUERVO STRAWBERRY LEMONADE 1.75L
$5.99 BABY CANADIAN 750ML
$37.99 COPPER MOON MALBEC 4L
$30.79 PELLER ESTATES DRY WHITE 4L
$17.99 TOM GORE CAB SAUV 750ML
$17.49 OYSTER BAY SAUV BLANC 750ML
$13.99 PELLER ESTATES ROSE 1.5L
$13.99 GATO NEGRO CAB SAUV 1.5L
SHOP & SAVE Rewards Program See In-Store for details
$48.99 KOKANEE 36 CANS
$46.99 CORONA 24 BOTTLES
$39.99 MICHELOB ULTRA 24 CANS
$36.99 BUDWEISER 24 CANS
$35.99 COORS LIGHT 24 CANS
$32.99 PABST 24 CANS
$37.99 JACKSON TRIGGS MERLOT CHARDONNAY 4L
$25.99 HEINEKEN 12 BOTTLES OR 12 CANS
$23.99 STELLA ARTOIS 12 BOTTLES OR 12 CANS
$23.99 CORONA 12 BOTTLES
$25.49 MODELO 12 BOTTLES
$19.99 OLD MILWAUKEE 15 CANS
$20.99 MILLER GENUINE DRAFT 12 BOTTLES
$17.49 RUFFINO PROSECCO 750ML
$20.99 SLEEMANS HONEY BROWN 12 CANS
$18.99 SNEAKY WEASEL 15 CANS
$18.79 STEAMWORKS MASH-UP 8 CANS
12 CANS $23.99 NUDE VODKA 24 CANS $44.99
$24.49 NUTRL 7 12 CANS
$24.99 TEMPO GIN 12 CAN MIX
$10.79 BODACIOUS BUBBLES 750ML
$23.99 WHITE CLAW ICED TEA 12 CANS
$22.99 TRULY LEMONADE 12 CANS
$19.79 SOMERSBY 8 CAN MIXER
$12.99 CORONA SELTZERS GRAPEFRUIT LIME 6 CANS
$12.79 WHITE CLAW BLACK CHERRY LIME 6 CANS
$12.49 NUDE PINK LEMONADE 6 CANS
$7.79 BLACK CELLAR MALBEC MERLOT 750ML
$11.49 JAW DROP GUSHING GRAPES TICKLING PINK 6 CANS
$9.99 OKANAGAN CRISP APPLE 2L
PRICE BEAT GUARANTEE
$10.79 YELLOW TAIL SHIRAZ 750ML
$9.99 JACOBS CREEK MOSCATO ROSE 750ML
$9.79 JACKSON TRIGGS CAB SAUV 750ML
8473 - 120 Street, Delta
604.592.2599
14357 - 104 Ave, Surrey
778.293.1964
LiquorDiscounter.ca
follow us on facebook
Prices exclude tax and deposits and are subject to change without notice.




## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- ਅਸੀਂ ਤੁਹਾਡੀ ਨਵੀਂ ਫੈਂਸ ਲਾ ਕੇ ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## iFix WALL & CEILING LTD.

- TAPPING & FINISHING
- TEXTURED CEILINGS
- KITCHEN-BATHROOM
- BOARDING
- STEEL STUD
- PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੇਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

ਟੇਪਰਾਂ ਦੀ ਤੁਰੰਤ ਲੋੜ ਹੈ
ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ

FOR BEST DEAL CALL : HARINDER SINGH DHALIWAL
**604.760.1732, 604.442-1571**

## ਸੰਦਲ ਰੈਨੋਵੇਸ਼ਨ

Your's Complete Home Renovation

- * ਫਰੇਮਿੰਗ
- * ਡਰਾਈਵਾਲ
- * ਪੇਂਟਿੰਗ
- * ਟਾਈਲਜ਼
- * ਲੈਮੀਨੇਟ
- * ਇਲੈਕਟ੍ਰੀਕਲ
- * ਪਲਬਿੰਗ
- * ਕਾਰਪੇਟ
- * ਰੂਫਿੰਗ ਦਾ ਕੰਮ
- * ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

**ਭਿੰਦਰ : 604-725-6270**

## KING 73 RENO LTD.

*We Do All Kind Of Renovation*

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ



ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ
17 ਸਾਲਾਂ ਦੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

**FREE ESTIMATES**

KING 73 RENO LTD. ਵਾਲਿਆਂ ਨੂੰ ਵਰਕਰਾਂ ਦੀ ਲੋੜ ਹੈ।ਕੰਮ ਹਫਤੇ ਵਿਚ 6 ਦਿਨ ਚੱਲੇਗਾ।ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ।ਹੋਰ ਜਾਣਕਾਰੀ ਲਈ ਸੰਪਰਕ ਕਰੋ

Gurdeep S. Gill **778.896.4555**
king73renoltd@gmail.com www.king73reno.com

## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**
daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**
lakhwindersembhi@yahoo.ca

## BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੂਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

**Cell: 604-340-7497 Res: 604-543-8064**

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




**Sanjeev Dhir 778.320.9413**
sanjeevkumarsk52@gmail.com

# HOME IMPROVEMENT


## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



CLASS "A" CERTIFIED & LICENCED ELECTRICIANS
MANJIT

## SINGH RAJ
RENOVATION CO.

We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261

## Ambrosia Renovation

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

Sunny : 778-951-1699

## J&J FRESH LOOK HOMES LTD.






We Built Custom Homes

- New Residential
- Commercial Const.
- Licensed
- Bonded
- Framing
- Roof Trusses
- Floor Trusses
- Other Services

J&J FRAMING LTD
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ

Jarnail Singh Maan:
604.832.9308
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
Free Estimate

ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

Paul 778-823-1056

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

# ਸੈਂਸਜ

ਬੰਦ ਹੋ ਚੁੱਕੇ ਮਾਡਲ ਦੀ ਕਾਰ ਦਾ ਇਕ ਪੁਰਜਾ ਲੱਭਦਿਆਂ ਆਖਰ ਨੂੰ ਲੁਧਿਆਣੇ ਗਿੱਲ ਰੋਡ ‘ਤੇ ਜਾਣਾ ਹੀ ਪਿਆ। ਕਿਸੇ ਨੇ ਦੱਸ ਪਾਈ ਕਿ ਸ਼ੇਖੂਪੁਰੀਏ ਖਰਾਦੀਆਂ ਦੀ ਦੁਕਾਨ ਆ, ਜਿਦਾਂ ਦਾ ਪੁਰਜਾ ਚਾਹੀਦਾ ਉਦਾਂ ਦਾ ਬਣਾ ਦੇਣਗੇ। ਦੁਕਾਨ ‘ਤੇ ਬੈਠੇ ਖੁਸ਼ਕ ਮਿਜਾਜ ਜਿਹੇ ਸਰਦਾਰ ਨੇ ਮੁੰਡੇ ਨੂੰ ਅਵਾਜ ਮਾਰ ਕੇ ਕਾਰ ਦਾ ਕੰਡਮ ਹੋਇਆ ਪੁਰਜਾ ਮੇਰੇ ਹੱਥੋਂ ਫੜ੍ਹ ਉਸ ਨੂੰ ਫੜਾ ਦਿਤਾ। ਮੁੰਡਾ ਦੁਕਾਨ ਦੇ ਅੰਦਰ ਲੱਗੀ ਪੌੜੀ ਚੜ੍ਹ ਗਿਆ।

ਕਾਉਂਟਰ ਦੇ ਸਾਹਮਣੇ ਫੱਟੇ ‘ਤੇ ਬੈਠਿਆਂ ਧਿਆਨ



ਸਰਦਾਰ ਦੇ ਪਿਛੇ ਲੱਗੀ ਫੋਟੋ ਨੇ ਖਿਚਿਆ : ਪਾਸਪੋਰਟ ਸਾਇਜ ਤੋਂ ਵੱਡੀ ਕੀਤੀ ਤਸਵੀਰ ਵਿੱਚ ਇਕ ਦਰਸਨੀ ਸਿੱਖ ਦਾ ਗੰਭੀਰ ਚਿਹਰਾ ਸੀ, ਥੱਲੇ ਲਿਖਿਆ ਸੀ 1/1/1930 ਤੋਂ 10/12/2010। ਉਝ ਮੇਰਾ ਹਿਸਾਬ ਕਿਤਾਬ ਬਹੁਤ ਕੰਮਜੋਰ ਏ ਪਰ ਪੁਰਜੇ ਦੀ ਉਡੀਕ ‘ਚ ਬੈਠਿਆਂ ਦੁਵੱਲੀ ਚੁੱਪ ਤੋੜਨ ਲਈ ਮੈਂ ਤਰੀਕ ਦਾ ਮੋਟਾ ਜਿਹਾ ਹਿਸਾਬ ਲਾ ਕੇ ਕਿਹਾ “ਜੇ ਤਾਡੇ ਬਜੁਰਗ 20 ਦਿਨ ਹੋਰ ਜਿਉਂਦੇ ਰਹਿੰਦੇ ਤੇ ਏਨਾ ਪੂਰੇ 80 ਸਾਲਾਂ ਦੇ ਹੋ ਜਾਣਾਂ ਸੀ”।

ਮੇਰੀ ਆਸ ਦੇ ਉਲਟ ਚੁੱਪ ਹੋਰ ਡੂੰਘੀ ਹੋ ਗਈ। ਜਦੋਂ ਮੈਂ ਸਰਦਾਰ ਦੇ ਬੋਲਣ ਦੀ ਆਸ ਲਾਹ ਕੇ ਜੇਬ ਚੋਂ ਮੋਬਾਇਲ ਕੱਢ ਕੇ ਸਕਰੀਨ ਤੇ ਹੱਥ ਮਾਰਨੇ ਸੁਰੂ ਕੀਤੇ ਤਾਂ ਸਾਰਦਾਰ ਹੁਰੀਂ ਲੰਮਾ ਸਾਹ ਲੈ ਕੇ ਬੋਲੇ, “ ਕੀ ਕਰਦੇ 20 ਦਿਨ ਹੋਰ ਅਣਕੀਤੇ ਗੁਨਾਹ ਦੀ ਸਜਾ ਭੁਗਤ ਕੇ”।

ਤਸਵੀਰ ਤੋਂ ਉਹ ਬਿਮਾਰ ਨਹੀਂ ਲੱਗਦੇ ਸੀ, ਸੋ ਮੈਂ ਪੁਛਿਆਂ ਕਿ ਬਿਮਾਰ ਤਾਂ ਨਹੀਂ ਲਗਦੇ ਕੀ ਪ੍ਰੌਬਲਮ ਸੀ ? ਸਰਦਾਰ ਨੇ ਕੁਰਸੀ ਨਾਲੋਂ ਢੋਹ ਲਾਹ ਲਈ, ਕਾਉਂਟਰ ‘ਤੇ ਉਲਰ ਗਿਆ ਤੇ ਅੱਖਾਂ ਮੀਚ ਪੌਣੀ ਸਦੀ ਪਿਛੇ ਜਾ ਪਹੁੰਚਿਆ ।

“ਬਾਪੂ ਸਨਮੁਖ ਸਿੰਘ, ਵੰਡ ਵੇਲੇ 17 ਸਾਲਾਂ ਦਾ ਸੀ। ਇਹ ਬਾਰ ‘ਚ ਈ ਜੰਮੇ ਸੀ, ਖਾਣ ਪੀਣ ਹੰਢਾਉਂਣ ਨੂੰ ਖੁਲਾ । ਕੱਦ ਸਵਾ ਛੇ ਫੁੱਟ, ਕੰਮ ਕਾਰ ਨੂੰ ਮਰਦੇ ਦਮ ਤਕ ਬਹੁਤ ਉਦਮੀ ਸੀ । ਮੇਰੇ ਦਾਦੇ ਦੀ ਪਹਿਲੀ ਔਲਾਦ ਸੀ । ਬਾਪੂ ਤੋਂ ਦੋ ਸਾਲ ਪਿਛੋਂ ਇਕ ਕੁੜੀ ਹੋਈ, ਉਹਦੇ ਜਮਾਂਦਰੂ ਹੱਥ ਪੈਰ ਵਿੰਗੇ ਸੀ, ਤੁਰਨ ਫਿਰਨ ਤੋਂ ਆਰੀ ਸੀ। ਦਾਦਾ ਜੀ ਦਸਦੇ ਹੁੰਦੇ ਸੀ ਕਿ ਇਹਨੇ (ਸਨਮੁਖ ਨੇ) ਨਿਕੇ ਜਿਹੇ ਨੇ ਉਹਨੂੰ ਆਪਣੀ ਕੰਢ ‘ਤੇ ਚੁੱਕ ਅੰਦਰ ਬਾਹਰ ਲਈ ਫਿਰਨਾ । ਕਦੇ ਲੈ ਕੇ ਚਬਾਰੇ ਚੜ੍ਹ ਗਿਆ ਕਦੇ ਮੋਢੇ ਲਾ ਖੇਤਾਂ ਨੂੰ ਲੈ ਗਿਆ। ਖਵਨੀ ਮਾਂ ਜਾਈ ਦਾ ਉਂਝ ਮੋਹ ਸੀ ਜਾਂ ਉਹਦੇ ਆਰੀ ਹੋਣ ਕਰਕੇ ਤਾਂ ਉਹਦਾ ਬਹੁਤਾ ਕਰਦਾ ਸੀ । ਪਰ ਜਿਵੇਂ ਦੱਸਦੇ ਸੀ, ਟੱਬਰ ਵਿਚ ਕਿਸੇ ਨੂੰ ਕਦੇ ਮਹਿਸੂਸ ਨਹੀਂ ਹੋਇਆ ਸੀ ਕਿ ਕੁੜੀ ਅਪਾਹਜ ਆ । ਦੋਵੇਂ ਭੈਣ ਭਰਾ ਇਕ ਦੂਜੇ ਤੋਂ ਵਿਹਾ ਵਿਹਾ ਜਾਂਦੇ, ਹੱਸਦੇ ਖੇਡਦੇ, ਰੌਣਕ ਲੱਗੀ ਰਹਿੰਦੀ । ਸਾਡਾ ਪਿੰਡ ਜੰਡਿਆਲਾ ਸੇਰ ਖਾਂ ਦੇ ਕੋਲ ਸੀ, ਸਿੱਖਾਂ ਦੇ ਥੋੜੇ ਘਰ ਸੀ ਪਰ ਜਿਨੇ ਸੀ ਸਾਰੇ ਤਕੜੇ, ਚੰਗੀਆਂ ਜਮੀਨਾਂ ਵਾਲੇ। ਸੁਣਦੇ ਸੀ ਕਿ ਇਹਨ੍ਹਾਂ ਨੂੰ ਨਹਿਰੂ ਹੁਰਾਂ ਯਕੀਨ ਦਵਾਇਆ ਸੀ ਕਿ ਲਕੀਰ ਖਿੱਚਣ ਵਾਲਾ ਕਮੀਸ਼ਨ ਨਨਕਾਣਾ ਸਾਹਿਬ ਤੋਂ ਸੇਖੂਪੁਰਾ ਜਿਲ੍ਹਾ ਤੇ ਪਰੇ ਸਾਂਗਲਾ ਹਿਲ ਤੱਕ ਸਿੱਖਾਂ ਨੂੰ ਨਹੀਂ ਉਠਾਲੇਗਾ।

ਕਮੀਸ਼ਨ ਦਾ ਫੈਸਲਾ ਉਡੀਕਦੇ 15 ਅਗਸਤ ਤਕ ਪਿੰਡ ਹੀ ਬੈਠੇ ਰਹੇ ਫੇਰ ਹੱਲੇ ਹੋਣ ਲੱਗੇ। ਕੁਝ ਹੱਲਿਆਂ ਦਾ ਮੋੜਵਾ ਜੁਆਬ ਵੀ ਦਿੱਤਾ ਤੇ ਕਹਿੰਦੇ ਇਲਾਕੇ ਦੇ ਮੁਸਲਮਾਨ ਚੌਧਰੀ ਦੇ ਪੁੱਤ ਦੀ ਲਾਸ਼ ਵੀ ਸਾਡੇ ਪਿੰਡੋਂ ਲੱਭੀ। ਚੌਧਰੀ ਨੇ ਸਾਰੇ ਲਾਕੇ ਦੇ ਮੁਸਲਮਾਨ ਫੌਜੀਆਂ ਤੇ ਗੁੰਡਿਆਂ ਨੂੰ ਆਪਣੇ ਪੁੱਤ ਦਾ ਵਾਸਤਾ ਪਾ ਕੇ ਕਿਹਾ ਕਿ ਏਸ ਪਿੰਡੋਂ ਕੋਈ ਸਿੱਖ ਬਚਕੇ ਨਾ ਜਾਵੇ। ਸਾਡੇ ਬਜੁਰਗਾਂ ਨੂੰ ਹਮਲੇ ਦੀ ਖਬਰ ਮਿਲ ਗਈ। ਪਰ ਬਚ ਨਿਕਲਣ ਦਾ ਕੋਈ ਹੀਲਾ ਨਾ ਬਣੇ। ਬਹੁਤਿਆਂ ਘਰਾਂ ਨੇ ਆਪਣੇ ਬੱਚੇ ਤੇ ਜਨਾਨੀਆਂ ਪਹਿਲਾਂ ਈ ਰਿਸ਼ਤੇਦਾਰੀਆਂ ‘ਚ ਭੇਜ ਦਿਤੀਆਂ ਸੀ ਪਰ ਅਜੇ ਵੀ ਪਿੰਡ ‘ਚ ਕਈ ਜਵਾਨ ਨੂੰਹਾਂ ਤੇ ਧੀਆਂ ਸਨ। ਸਾਡਾ ਦਾਦਾ ਸੇਵਾ ਸਿੰਘ ਵੀ ਗੁਰਦਵਾਰੇ ਹੋਏ ਉਸ ਇਕੱਠ ‘ਚ ਸੀ ਜਿਥੇ ਇਹ ਫੈਸਲਾ ਹੋਇਆ ਕਿ ਹੋਰਨਾਂ ਪਿੰਡਾਂ ਵਾਂਗ ਜਵਾਨ ਨੂੰਹਾਂ ਧੀਆਂ ਆਪਣੀ ਪੱਤ ਬਚਾਉਂਣ ਲਈ ਖੂਹੀਂ ਛਾਲਾਂ ਮਾਰ ਡੁੱਬ ਮਰਨ ਤੇ ਬੰਦੇ ਕਾਫਲਾ ਬਣਾ ਕੇ ਬਿਨ੍ਹਾਂ ਦੇਰੀ ਪਿੰਡ ਛੱਡਣ।

ਸੁਨੇਹਾ ਮਿਲਣ ਤੇ ਪਿੰਡ ਦੀਆਂ ਬੀਬੀਆਂ ਆਪ ਚੱਲ ਕੇ ਗੁਰਦਵਾਰੇ ਕੋਲ ਖੂਹੀ ‘ਤੇ ਪਹੁੰਚੀਆਂ ਤੇ ਗੁਰਾਂ ਨੂੰ ਧਿਆ ਕੇ ਆਪਣੇ ਕੋੜਮੇ ਦੀ ਸੁੱਖ ਮੰਗਦੀਆਂ ਨੇ ਖੂਹਾਂ ‘ਚ ਛਾਲਾਂ ਮਾਰ ਦਿਤੀਆਂ। ਬਾਬਾ ਸੇਵਾ ਸਿੰਘ ਜਦੋਂ ਘਰ ਆਇਆ ਤਾਂ ਅੰਗਾਂ ਪੈਰਾਂ ਤੋਂ ਆਰੀ ਆਪਣੀ ਧੀ ਵੇਖ ਗੁੰਮ ਹੋ ਗਿਆ। ਬੀਬੀ ਨੇ ਪੁਛਿਆ ਤਾਂ ਗੁਰਦਵਾਰੇ ਹੋਏ ਫੈਸਲੇ ਦੀ ਗੱਲ ਦੱਸੀ ਤੇ ਨਾਲੇ ਕੀਮਤੀ ਸਮਾਨ ਪੱਲੇ ਬੰਨਣ ਲਈ ਕਿਹਾ।

ਸਨਮੁਖ ਸਿੰਘ ਨੇ ਵੀ ਸੁਣ ਲਿਆ ‘ਤੇ ਵਿਹੜੇ ‘ਚ ਡਿੱਠੇ ਮੰਜੇ ਤੇ ਪਈ ਆਪਣੀ ਸਭ ਤੋਂ ਕੀਮਤੀ ਸ਼ੈਅ ਨੂੰ ਝੋਲੀ ‘ਚ ਪਾ ਕੰਧੇੜੇ ਚੁਕਣ ਲੱਗਾ। ਬਾਪ ਨੇ ਭਾਰੇ ਮਨ ਨਾਲ ਜਵਾਨ ਪੁੱਤ ਨੂੰ ਦਸਿਆ ਕਿ ਸਾਡੇ ਜਿਉਂਦੇ ਬਚਣ ਦਾ ਕੋਈ ਲੱਲ ਨਹੀਂ ਬਚਿਆ, ਹੋ ਸਕਦਾ ਅਸੀਂ ਜੰਡਿਆਲੇ ਵੀ ਨਾ ਪਹੁੰਚੀਏ, ਇਸ ਵਿਚਾਰੀ ਨੂੰ ਕਿਉਂ ਦਰਿੰਦਿਆਂ ਦੇ ਨੋਚਣ ਨੂੰ ਨਾਲ ਚੁੱਕ ਲਿਆ ਈ ?

ਸਨਮੁਖ ਸਿੰਘ ਨੇ ਭੈਣ ਲਈ ਆਪਾ ਵਾਰਨ ਦੀ ਗੱਲ ਕਈ ਵਾਰ ਦੁਹਰਾਈ ਪਰ ਬਾਪ ਨੇ ਵੀ ਉਨੀ ਵਾਰ ਸਮਝਾਇਆ ਕਿ ਆਪਾ ਵਾਰ ਕੇ ਵੀ ਅਸੀਂ ਇਹਨੂੰ ਬਚਾ ਨਹੀਂ ਸਕਣਾ। ਫਿਰ ਉਸ ਪਿਆਰੀ ਭੈਣ ਨੇ ਵੀਰ ਦੀ ਸੁੱਖ ਮੰਗੀ ਤੇ ਉਸਦੀ ਜਾਨ ਦਾ ਵਾਸਤਾ ਪਾ ਕਿ ਕਿਹਾ, ਵੀਰਾ ਮੈਨੂੰ ਵੀ ਪਿੰਡ ਦੀਆਂ ਹੋਰਨਾਂ ਭੈਣਾਂ ਵਾਂਗ ਖੂਹ ‘ਚ ਸੁੱਟ ਆ। ਜੇ ਮੈਂ ਆਪ ਜਾਣ ਜੋਗੀ ਹੁੰਦੀ ਤੇ ਸਭ ਤੋਂ ਪਹਿਲਾਂ ਮੈਂ ਖੂਹੇ ਤੇ ਜਾਂਦੀ। ਮੇਰਾ ਵੀਰ ਸਲਾਮਤ ਰਹੇ, ਮੈਂ ਤੇ ਇਹੋ ਜਿਹੀ ਜਿੰਦਗੀ ਵੀਰੇ ਬਿਨਾਂ ਕਰਨੀ ਵੀ ਕੀ ਆ, ਜਿਵੇਂ ਭਾਪਾ ਜੀ ਕਹਿੰਦੇ ਉਵੇਂ ਕਰ ”।

ਮੋਢੇ ਪਾਈ ਝੋਲੀ ਦੀ ਪਕੜ ਢਿੱਲੀ ਹੋ ਗਈ ਤੇ 17 ਸਾਲ ਦਾ ਗੱਭਰੂ ਸਨਮੁਖ ਸਿੰਘ ਭੋਇ ‘ਤੇ ਬਹਿ ਗਿਆ। ਬਾਪ ਨੇ ਫਿਸੇ ਜਿਹੇ ਬੋਲਾਂ ਨਾਲ ਕਿਹਾ ਪੁੱਤਰਾ, ਇਹ ਬਹਿਣ ਦਾ ਵੇਲਾ ਨਹੀਂ , ਪਿੰਡ ਤਾਂ ਜੰਡਿਆਲੇ ਨੂੰ ਨਿਕਲ ਤੁਰਿਆ। ਫੇਰ ਚੱਕੀ ਦੇ ਪੁੜਾਂ ਕੋਲ ਪਏ ਪੱਥਰ ਵੱਲ ਇਸ਼ਾਰਾ ਕਰ ਕਹਿਣ ਲੱਗਾ, ਅੱਖਾਂ ਮੀਚ ਕੇ ਇਹਦਾ ਗੁੱਡੀ ਦੇ ਸਿਰ ‘ਤੇ ਇਕ ਵਾਰ ਕਰ, ਤੇ ਚੱਲੀਏ। ਡਾਹਢਾ ਰੱਬ ਕਈ ਵਾਰ ਸਮਾਂ ਐਸਾ ਬਣਾ ਦਿੰਦਾ ਮੋਹ ਤੋੜਨੇ ਪੈਂਦੇ ਨੇ, ਉਹ ਆਪਣੇ ਮੰਨਣ ਵਾਲਿਆਂ ਦੇ ਇਮਤਿਹਾਨ ਲੈਂਦਾ ਭੈਣ ਨੇ ਵੀ ਵੀਰ ਦੇ ਪਜਾਮੇ ਦਾ ਪੌਚਾ ਫੜ੍ਹ ਹਲੂਣਿਆ, “ਮੇਰਿਆ ਸੋਹਣਿਆ ਬੀਰਾ, ਦੇਰ ਨਾ ਕਰ, ਮੈਂ ਸਦਾ ਤੇਰੇ ਨਾਲ ਈ ਰਹਿਣਾ। ਵੇਖੀ ਤੂੰ, ਇਕ ਪਲ ਨੀਂ ਦੂਰ ਜਾਣਾ ਤੇਰੇ ਤੋਂ, ਮੈਨੂੰ ਏਸ ਟੁੱਟੀ ਭੱਜੀ ਜਿਹੀ ਦੇਹ ਤੋਂ ਅਜਾਦ ਕਰ ਦੇ ਵੀਰਾ”।

ਨਿਕੜੀ ਭੈਣ ਦਿਆਂ ਬੋਲਾਂ ਨੇ ਏਨੀ ਕੁ ਤਾਕਤ ਦੇ ਦਿੱਤੀ ਕਿ ਭਿੱਜੀਆਂ ਅੱਖਾਂ, ਮਰੇ ਮਨ ਤੇ ਰੁਸੇ ਵਜੂਦ ਨਾਲ ਸਨਮੁਖ ਨੇ ਪੱਥਰ ਚੁੱਕ ਲਿਆ । ਅੱਥਰੂਆਂ ਨੇ ਅੱਖਾਂ ‘ਚ ਭੱਬੂਤਾਰੇ ਲਿਆਂਦੇ ਹੋਏ ਸੀ, ਕੰਬਦੇ ਹੱਥਾਂ ਨੇ ਜਦੋਂ ਪੱਥਰ ਭੈਣ ਦੇ ਸਿਰ ਵਲ ਸੁਟਿਆ ਤਾਂ ਸਿਰ ਦਾ ਇਕ ਪਾਸਾ ਖੁਲ ਗਿਆ। ਸਨਮੁਖ ਦਿਆਂ ਕੰਨਾਂ ‘ਚ ਬੀਂਢੇ ਬੋਲ ਰਹੇ ਸੀ। ਧਰਤ-ਅਸਮਾਨ ਪਲਟ ਗਏ, ਹੇਠਲੀ ਉਤੇ ਆ ਗਈ, ਵਰਾਂਡੇ ਦੇ ਥਮਲੇ ਨਾਲ ਜਾ ਢਾਸਣਾ ਲਾਇਆ। ਜਦੋਂ ਖੋਪੜ ‘ਚ ਪੈ ਰਿਹਾ ਚੀਕ ਚਿਹਾੜਾ ਰਤਾ ਸ਼ਾਤ ਹੋਇਆ, ਅੱਖਾਂ ਸਾਫ ਹੋਈਆਂ ਤਾਂ ਭੋਇੰ ਵਲ ਵੇਖਿਆ, ਭੈਣ ਦੇ ਚਿਹਰੇ ‘ਤੇ ਇਕ ਨਿਮੀ ਜਿਹੀ ਮੁਸਕਰਾਹਟ ਸੀ। ਮੱਥੇ ਵੱਲ ਉਂਗਲ ਕਰ ਤਰਲਾ ਜਿਹਾ ਲੈ ਕੇ ਬੋਲੀ, “ਵੀਰੇ ਇਕ ਵਾਰੀ ਹੋਰ”।

ਕਹਾਣੀ ਸੁਣਾਉਂਦੇ ਸਰਦਾਰ ਦੀ ਭੁੱਬ ਨਿਕਲ ਗਈ। ਮੈਂ ਆਪ ਮੁਹਾਰਾ ਉਠ ਕੇ ਦੁਕਾਨ ਤੋਂ ਬਾਹਰ ਹੋ ਗਿਆ, ਗੱਡੀ ‘ਚ ਬਹਿ ਕੇ ਅੱਥਰੂ ਪੂਝੇ। ਜਦੋਂ ਮੁੜਿਆ ਤੇ ਸਰਦਾਰ ਜੀ ਵੀ ਆਪਣਾ ਆਪ ਸੰਭਲ ਗਏ ਸਨ। ਮੈਥੋਂ ਇਹ ਪੁਛਿਆ ਨਾ ਗਿਆ ਕਿ ਫੇਰ ਦੂਜੀ ਵਾਰ ਪੱਥਰ ਕਿੰਨੇ ਮਾਰਿਆ? ਦੁਕਾਨ ਵਾਲਾ ਮੁੰਡਾ ਪੁਰਜਾ ਵੀ ਲੱਭ ਲਿਆਇਆ ਤੇ ਸਰਦਾਰ ਹੁਣਾਂ ਚਾਹ ਫੜ੍ਹਨ ਲਈ ਵੀ ਕਹਿ ਦਿਤਾ। ਬੜਾ ਜੇਰਾ ਕਰਕੇ ਮੈਂ ਪੁਛਿਆ, “ਫੇਰ ਇਧਰ ਆ ਗਿਆ ਬਚ ਕੇ ਬਾਕੀ ਟੱਬਰ ?” ਤਾਂ ਸਰਦਾਰ ਕਹਿੰਦਾ, ਕਿ ਅੱਧੇ ਕੁ ਈ ਆਏ, ਕੋਈ ਪੂਰਾ ਨਹੀਂ ਪਹੁੰਚਿਆ ਏਧਰ। ਬਾਬਾ ਜੀ ਨੂੰ ਮਜਬੂਰੀ ਵੱਸ ਸਾਡੀ ਦਾਦੀ ਨੂੰ ਵੀ ਰਾਹ ‘ਚ ਕਤਲ ਕਰਨਾ ਪਿਆ । ਬਾਪੂ ਸਨਮੁਖ ਸਿੰਘ ਏਧਰ ਆ ਕੇ 63 ਸਾਲ ਜੀਵਿਆ, ਪਰ ਕਦੇ ਕਿਸੇ ਨੇ ਬੋਲਦਾ ਨਹੀਂ ਸੁਣਿਆ। ਵਿਆਹ ਹੋਇਆ, ਅਸੀਂ ਤਿੰਨ ਭਰਾ ਹੋਏ। ਏਨਾਂ ਸੱਠਾਂ ਸਾਲਾਂ ‘ਚ ਕਈ ਖੁਸੀ ਗਮੀਂ ਦੇ ਮੌਕੇ ਬਣੇ, ਪਰ ਬਾਪੂ ਦੇ ਬੁੱਲ ਨਹੀਂ ਫਰਕਦੇ ਵੇਖੇ। ਇਥੇ ਖਰਾਦ ਤੇ ਮਜਦੂਰੀ ਕਰਦਾ, ਸਾਨੂੰ ਇਸਦੇ ਮਾਲਕ ਬਣਾ ਗਿਆ। ਪਰ ਨਾ ਤਾਹ ਉਮਰ ਹੱਸਿਆ, ਨਾ ਰੋਇਆ।

“ਮੈਡੀਕਲ ਸਾਇੰਸ ਦੇ ਹਿਸਾਬ ਨਾਲ ਤਾਂ ਇਹ ਪੌਸੀਬਲ ਨਹੀਂ ਕਿ ਬੰਦੇ ਦੀਆਂ ਸੈਂਸਜ ਹੋਣ ਤੇ ਉਹ ਖੁਸ਼ੀ ਗਮੀਂ ‘ਤੇ ਰਿਐਕਟ ਨਾ ਕਰੇ, ਹੋ ਸਕਦਾ ਉਸ ਟਰੋਮੇ ਨਾਲ ਉਹ ਸੈਂਸਜ ਲੌਸ ਕਰ ਗਏ ਹੋਣ”, ਮੈਂ ਤਰਕਸ਼ੀਲ ਹੋ ਵਿਗਿਆਨਕ ਪੱਖ ਰੱਖਿਆ।

ਸਰਦਾਰ ਸਾਹਿਬ ਨੇ ਇਸ ਗੱਲ ਦਾ ਕੋਈ ਜੁਆਬ ਦੇਣਾ ਮੁਨਾਸਬ ਨਾ ਸਮਝਿਆ। ਵਾਹਿਗੁਰੂ, ਵਾਹਿਗੁਰੂ, ਕਰ ਚਿਤ ਸ਼ਾਤ ਕੀਤਾ । ਕਾਉਂਟਰ ਤੇ ਪਏ ਸਟੈਂਡ ਵਾਲੇ ਕਲੰਡਰ ਤੋਂ ਇਕ ਪੰਕਤੀ ਪੜ੍ਹ ਕੇ ਸੁਣਾਈ : ਮਾਨੈ ਹੁਕਮੁ ਸੋਹੈ ਦਰਿ ਸਾਚੈ, ਆਕੀ ਮਰਹਿ ਅਫਾਰੀ॥ (ਅੰਗ 992) (ਇਹ ਕਹਾਣੀ ਸੱਚੀ ਹੈ, 2013-14 ‘ਚ ਗਿੱਲ ਰੋਡ ਲੁਧਿਆਣੇ ਬਜੁਰਗ ਦੁਕਾਨਦਾਰ ਕੋਲੋਂ ਏਵੇਂ ਹੀ ਸੁਣੀ ਸੀ। ਨਾਂ ਤੇ ਤਰੀਕਾਂ ਚੇਤੇ ਨਹੀਂ ਸਨ ਉਹ ਆਪ ਰੱਖੀਆਂ ਨੇ। ਰਿਕਾਰਡ ਨਾ ਕਰਨ ਦਾ ਮਨ ਤੇ ਬੋਝ ਸੀ , ਲਿਖ ਦਿੱਤਾ ਕਿ ਸਾਂਭਿਆ ਜਾਵੇ:- ਚਰਨਜੀਤ ਸਿੰਘ ਤੇਜਾ )

## ਭਾਰਤ ਦੇ ਇਤਰਾਜ਼ ਦੇ ਬਾਵਜੂਦ ਚੀਨੀ ਜਹਾਜ਼ ਲੰਕਾ ਪਹੁੰਚਿਆ

ਕੋਲੰਬੋ-ਚੀਨ ਦਾ ਉੱਚ ਤਕਨੀਕੀ ‘ਸੂਹੀਆ’ ਜਹਾਜ਼ ਅੱਜ ਸ੍ਰੀਲੰਕਾ ਦੀ ਦੱਖਣੀ ਬੰਦਰਗਾਹ ਹੰਬਨਟੋਟਾ ਪਹੁੰਚਿਆ। ਕੁਝ ਦਿਨ ਪਹਿਲਾਂ ਕੋਲੰਬੋ ਨੇ ਪੇਈਚਿੰਗ ਨੂੰ ਭਾਰਤ ਦੀਆਂ ਚਿੰਤਾਵਾਂ ਦੇ ਮੱਦੇਨਜ਼ਰ ਇਸ ਜਹਾਜ਼ ਦੀ ਆਮਦ ਨੂੰ ਮੁਲਤਵੀ ਕਰਨ ਦੀ ਬੇਨਤੀ ਕੀਤੀ ਸੀ। ਚੀਨ ਦੀ ਬੈਲਿਸਟਿਕ ਮਿਜ਼ਾਈਲ ਅਤੇ ਉਪਗ੍ਰਹਿ ਨਿਗਰਾਨੀ ਜਹਾਜ਼ ਯੂਆਨ ਵੈਂਗ-5 ਸਥਾਨਕ ਸਮੇਂ ਅਨੁਸਾਰ ਸਵੇਰੇ 8:20 ਵਜੇ ਹੰਬਨਟੋਟਾ ਦੀ ਦੱਖਣੀ ਬੰਦਰਗਾਹ ‘ਤੇ ਪਹੁੰਚਿਆ। ਇਹ ਜਹਾਜ਼ 22 ਅਗਸਤ ਤੱਕ ਇੱਥੇ ਰਹੇਗਾ। ਭਾਰਤ ਦਾ ਦੋਸ਼ ਹੈ ਕਿ ਇਹ ਜਸੂਸੀ ਜਹਾਜ਼ ਹੈ ਤੇ ਇਸਦੇ ਸ਼੍ਰੀ ਲੰਕਾ ਆਉਣ ਤੇ ਭਾਰਤ ਨੇ ਇਤਰਾਜ ਕੀਤਾ ਸੀ। ਪਰ ਚੀਨ ਨੇ ਕੋਈ ਪ੍ਰਵਾਹ ਨਹੀਂ ਕੀਤੀ।

Rai
Express Lines Ltd.



Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8




THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਸਿਹਤ ਸੰਬੰਧੀ



# ਛਾਹੀਆਂ, ਐਕਨੀ, ਕਿੱਲ-ਮੁਹਾਸੇ ਅਤੇ ਹੋਮਿਓਪੈਥੀ

ਮਨੁੱਖੀ ਸੁੰਦਰਤਾ ਦੀ ਪਰਿਭਾਸ਼ਾ ਦਾ ਘੇਰਾ ਬਹੁਤ ਵਿਸ਼ਾਲ ਹੈ। ਅਜੋਕੇ ਸਮੇਂ ਵਿੱਚ ਤਨ ਦੀ ਸੁੰਦਰਤਾ ਨੂੰ ਮਨ ਦੀ ਸੁੰਦਰਤਾ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਮਨੁੱਖ ਬਾਹਰੋਂ ਸੋਹਣਾ ਦਿਖਣ ਲਈ ਹਰ ਤਰ੍ਹਾਂ ਦੇ ਵਸੀਲੇ ਵਰਤਦਾ ਹੈ।ਮਨੁੱਖ ਦੇ ਚਿਹਰੇ ਤੋਂ ਉਸ ਦੀ ਪੂਰੀ ਬਾਹਰੀ ਦਿੱਖ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਕਿਸੇ ਸਿਹਤ ਸੰਬੰਧੀ ਵਿਗਾੜ ਦੇ ਚਲਦਿਆਂ ਮਿਹਰਾ ਮੁਰਝਾਇਆ ਲੱਗਣ ਨਾਲ ਪਰਿਭਾਵਤ ਮਨੁੱਖ ਚਿੰਤਾ-ਗ੍ਰਸਤ ਦਿਖਣ ਲੱਗ ਪੈਂਦਾ ਹੈ। ਚਿਹਰੇ ਉੱਤੇ ਖ਼ੁਸ਼ੀਆਂ ਦੇ ਖੇੜੇ ਮੁੜ ਪਰਤਾਉਣ ਵਾਸਤੇ ਅੰਦਰਲੇ ਰੋਗ ਨੂੰ ਢੁਕਵੀਂ ਚਿਕਿਤਸਾ ਰਾਹੀਂ ਠੀਕ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ।ਕਈ ਵਾਰੀ ਵੇਖਣ ਵਿੱਚ ਆਉਂਦਾ ਹੈ ਕਿ ਕੋਈ ਗੰਭੀਰ ਰੋਗ ਨਾ ਹੁੰਦਿਆਂ ਹੋਇਆਂ ਵੀ ਚਿਹਰੇ ਤੋਂ ਤਰੋ-ਤਾਜ਼ਗੀ ਗਾਇਬ ਹੁੰਦੀ ਹੈ ਜਾਂ ਕਿੱਲ, ਮੁਹਾਸੇ ਅਤੇ ਛਾਹੀਆਂ ਚਿਹਰੇ ਨੂੰ ਭੱਦਾ ਬਣਾ ਦਿੰਦੀਆਂ ਹਨ। ਚੜ੍ਹਦੀ ਉਮਰ ਵਿੱਚ ਮੁੰਡੇ ਕੁੜੀਆਂ ਵਿੱਚ ਇਹ ਹਾਰਮੋਨਜ਼ ਵਿਚਲੀ ਤਬਦੀਲੀ ਕਾਰਣ ਹੋ ਜਾਂਦੇ ਹਨ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579



ਪਰ, ਫ਼ੈਸ਼ਨ ਨੂੰ ਪਹਿਲ ਅਤੇ ਸਾਫ਼ ਚਿਹਰੇ ਵਾਲੀ ਚੰਗੀ ਦਿੱਖ ਹਾਸਲ ਕਰਨ ਲਈ ਨੌਜਵਾਨ ਪੀੜੀ ਕਈ ਤਰ੍ਹਾਂ ਦੇ ਅਣਅਧਿਕਾਰਤ ਤਰੀਕੇ ਜਾਂ ਔਹੜ-ਪੌਹੜ ਦੀ ਵਰਤੋਂ ਕਰਕੇ ਅਜਾਈਂ ਪੈਸਾ ਗੰਵਾ ਬੈਠਦੇ ਹਨ।ਸਫ਼ਲਤਾ ਤਾਂ ਹੀ ਮਿਲੇਗੀ ਜੇ ਕਿਸੇ ਪੇਸ਼ੇਵਰ ਚਿਕਿਤਸਕ ਤੋਂ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਇਲਾਜ ਕਰਵਾਇਆ ਜਾਵੇਗਾ। ਕੈਮੀਕਲ-ਅਧਾਰਤ ਕ੍ਰੀਮਾਂ ਦੀ ਵਰਤੋਂ ਕਰ ਕੇ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਠੋਸ ਇਲਾਜ ਨਹੀਂ ਹੁੰਦਾ, ਸਗੋਂ ਚਮੜੀ ਦੇ ਰੋਮ ਅਤੇ ਗ੍ਰੰਥੀਆਂ, ਜਿਨ੍ਹਾਂ ਰਾਹੀਂ ਚਮੜੀ ਦੇ ਹੇਠ ਇਕੱਠੇ ਹੋਏ ਅਣਚਾਹੇ ਪਦਾਰਥ ਨਿਕਲਣਾ ਚਾਹੀਦਾ ਹੈ, ਉੱਥੇ ਰੁਕਾਵਟਾਂ ਬਣ ਜਾਂਦੀਆਂ ਹਨ। ਕਿੱਲ ਅਤੇ ਮੁਹਾਸਿਆਂ ਦਾ ਪ੍ਰਕੋਪ ਸਿਰਫ਼ ਚਿਹਰੇ ਤਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਮੋਢਿਆਂ ਅਤੇ ਪਿੱਠ ਉੱਤੇ ਵੀ ਇਨ੍ਹਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ। ਕਈ ਕਿੱਲ-ਮੁਹਾਸੇ ਤਾਂ ਫ਼ਿਣਸੀਆਂ ਅਤੇ ਫ਼ੋੜਿਆਂ ਦੀ ਸ਼ਕਲ ਵੀ ਇਖ਼ਤੀਆਰ ਕਰ ਲੈਂਦੇ ਹਨ, ਜਿਨ੍ਹਾਂ ਵਿੱਚੋਂ ਪੀਕ ਜਾਂ ਕਚ-ਲਹੂ ਰਿਸਦਾ ਹੈ। ਕਈਆਂ ਨੂੰ ਇਸ ਵਿੱਚੋਂ ਰਿਸਦਾ ਅਣਚਾਹਿਆ ਪਦਾਰਥ ਕੱਢਣ ਲਈ ਇਨ੍ਹਾਂ ਨੂੰ ਦਬਾਉਣ ਦੀ ਆਦਤ ਪੈ ਜਾਂਦੀ ਹੈ ਜੋ ਕਿ ਚਿਹਰੇ ਉੱਪਰ ਨਿਸ਼ਾਨ ਅਤੇ ਧੱਬੇ ਛੱਡ ਦਿੰਦੇ ਹਨ ਜਿਸ ਨਾਲ ਚਿਹਰਾ ਅਤੇ ਚਮੜੀ ਕੁਰੂਪ ਲੱਗਦੇ ਹਨ ਅਤੇ ਪੀੜ੍ਹਤ ਮਨੁੱਖ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।

ਆਮ ਤੌਰ 'ਤੇ ਇਸਤਰੀਆਂ ਦੇ ਚਿਹਰੇ ਉੱਤੇ ਛਾਹੀਆਂ ਦਾ ਪ੍ਰਕੋਪ ਜ਼ਿਆਦਾ ਹੁੰਦਾ ਹੈ ਜਿਸ ਦਾ ਕਾਰਣ ਲਹੂ ਦੀ ਘਾਟ, ਜਣੇਪੇ ਤੋਂ ਬਾਅਦ ਕਮਜ਼ੋਰੀ, ਮਾਹਵਾਰੀ ਦੇ ਨਾਲ ਜੁੜੀਆਂ ਸਮੱਸਿਆਵਾਂ, ਬਹੁਤ ਠੰਢ ਜਾਂ ਗਰਮੀ ਵਿੱਚ ਜ਼ਿਆਦਾ ਦੇਰ ਤਕ ਕੰਮ ਕਰਨਾ ਆਦਿ ਆਮ ਹੁੰਦੇ ਹਨ। ਕਿੱਲ-ਮੁਹਾਸਿਆਂ ਦੀਆਂ ਕਈ ਪ੍ਰਕਾਰ ਦੀਆਂ ਕਿਸਮਾਂ ਹੁੰਦੀਆਂ ਹਨ, ਜਿਵੇਂ ਐਕਨੀ-ਵਲਗਰਸ, ਅੂਕਨੀ-ਪੈਂਕਟੇਟਾ, ਐਕਨੀ-ਇਨਡਿਯੂਰੇਟਾ ਆਦਿ। ਐਕਨੀ ਦੀ ਵਜ੍ਹਾ ਆਮ ਤੌਰ 'ਤੇ ਸਫ਼ਾਈ ਦੀ ਘਾਟ, ਦੂਸ਼ਿਤ ਵਾਤਾਵਰਣ ਅਤੇ ਸੁੰਦਰਤਾ ਲਈ ਵਰਤੀਆਂ ਜਾਣ ਵਾਲੀਆਂ ਅਣ-ਅਧਿਕਾਰਤ ਕ੍ਰੀਮਾਂ ਦਾ ਇਸਤੇਮਾਲ ਹੁੰਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਦੇ ਹੋਰ ਕਾਰਣ ਜਿਵੇਂ ਪੇਟ ਵਿੱਚ ਗੈਸ, ਕਬਜ਼, ਮੈਹਿਦੇ ਦੀ ਕਮਜ਼ੋਰੀ, ਮਾਹਵਾਰੀ ਵਿੱਚ ਵਿਗਾੜ, ਤੇਲ-ਨੁੰਮਾ ਚਮੜੀ ਜਾਂ ਹੋਰ ਚਿਲਕਾਲੀਨ ਅਲਾਮਤਾਂ ਨੂੰ ਠੀਕ ਕਰਨ ਲਈ ਜਿੱਥੇ ਨਿੱਜੀ ਸਵੱਛਤਾ ਲਾਹੇਵੰਦ ਹੁੰਦੀ ਹੈ, ਉੱਥੇ ਹੀ ਹੋਮਿਓਪੈਥਿਕ ਦਵਾਈਆਂ ਰਾਹੀਂ ਇਨ੍ਹਾਂ ਨੂੰ ਠੀਕ ਕਰਨ ਉਪਰੰਤ ਚਿਹਰੇ ਅਤੇ ਸਰੀਰ ਦੀ ਸੁੰਦਰਤਾ ਵਧਾਈ ਜਾ ਸਕਦੀ ਹੈ। ਹੋਮਿਓਪੈਥੀ ਦੀ ਸਹੀ ਦਵਾਈ ਅਜਿਹੀ ਅਲਾਮਤ ਨੂੰ ਜੜ੍ਹੋਂ ਪੁੱਟਣ ਵਿੱਚ ਸਹਾਈ ਹੋ ਸਕਦੀ ਹੈ।ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਵਾਸਤੇ ਕਿਸੇ ਨਿਪੁੰਨ ਹੋਮਿਓਪੈਥ ਦੀਆਂ ਸੇਵਾਵਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਤੁਹਾਡੇ ਸਰੀਰਕ, ਮਾਨਸਿਕ ਅਤੇ ਵਾਤਾਵਰਣ-ਸੰਬੰਧੀ ਪਹਿਲੂਆਂ ਨੂੰ ਗਹਿਰਾਈ ਨਾਲ ਸਮਝ ਕੇ ਉਨ੍ਹਾਂ ਦਾ ਮੁਲਾਂਕਣ ਕਰਨ ਉਪਰੰਤ ਹੀ ਸਹੀ ਹੋਮਿਓਪੈਥਿਕ ਦਵਾਈ ਰਾਹੀਂ ਐਕਨੀ, ਕਿੱਲ ਅਤੇ ਛਾਹੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਕਿੱਲ-ਮੁਹਾਸੇ ਤੋਂ ਬਚਣ ਲਈ ਧਿਆਨਯੋਗ ਗੱਲਾਂ:

- ਚਿਹਰੇ ਦੀ ਸਾਫ਼-ਸਫ਼ਾਈ ਰੱਖਣ ਲਈ ਚਿਹਰੇ ਨੂੰ ਗੁਣਗੁਣੇ ਪਾਣੀ ਅਤੇ ਚੰਗੇ ਸਾਬਣ ਨਾਲ ਧੋਵੋ ਤਾਂ ਕਿ ਚਿਹਰੇ 'ਤੇ ਜੰਮੀ ਧੂੜ ਜਾਂ ਅੰਦਰੋਂ ਉੱਭਰਿਆ ਤੇਲ ਸਾਫ਼ ਹੋ ਸਕੇ।
- ਕਬਜ਼ ਤੋਂ ਬਚੋ। ਆਪਣੇ ਭੋਜਨ ਵਿੱਚ ਲੋੜੀਂਦੇ ਤੱਤਾਂ ਤੋਂ ਇਲਾਵਾ ਫ਼ਾਈਬਰ ਵਾਲੀ ਪੌਸ਼ਟਿਕ ਖ਼ੁਰਾਕ, ਫ਼ਲ ਅਤੇ ਸਲਾਦ ਦਾ ਇਸਤੇਮਾਲ ਕਰੋ।
- ਦਿਨ ਵਿੱਚ ਅੱਠ ਤੋਂ ਦਸ ਗਿਲਾਸ ਪਾਣੀ ਜ਼ਰੂਰ ਪੀਓ।
- ਪੇਸਟ੍ਰੀ, ਚੌਕਲੇਟ, ਚਰਬੀ, ਤ਼ਲੀਆਂ ਚੀਜ਼ਾਂ ਅਤੇ ਜੰਕ ਫ਼ੂਡ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।






# ਸਰੀ 'ਚ ਮਨਾਇਆ ਭਾਰਤ ਦਾ 75 ਵਾਂ ਆਜ਼ਾਦੀ ਦਿਵਸ




ਸਰੀ- ਭਾਰਤੀ ਕੌਂਸਲੇਟ ਵੈਨਕੂਵਰ ਵਲੋ ਭਾਰਤ ਦਾ 75ਵਾਂ ਆਜਾਦੀ ਦਿਵਸ ਅੰਪਾਇਰ ਬੈਕੁਇਟ ਹਾਲ ਸਰੀ ਵਿਖੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਿਆਸੀ ਤੇ ਸਮਾਜਿਕ ਆਗੂਆਂ ਸਮੇਤ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਤੋ ਇਲਾਵਾ ਵੱਡੀ ਗਿਣਤੀ ਵਿਚ ਪਰਵਾਸੀ ਭਾਰਤੀ ਸ਼ਾਮਿਲ ਹੋਏ। ਕੌਂਸਲ ਜਨਰਲ ਮਨੀਸ਼ ਤੇ ਉਹਨਾਂ ਦੀ ਧਰਮ ਪਤਨੀ ਵਲੋ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ।ਆਪਣੇ ਸੰਬੋਧਨ ਵਿਚ ਕੌਂਸਲ ਜਨਰਲ ਮਨੀਸ਼ ਨੇ ਹਾਜ਼ਰੀਨ ਨੂੰ ਭਾਰਤ ਦੇ 75ਵੇਂ ਆਜਾਦੀ ਦਿਹਾੜੇ ਦੀਆਂ ਵਧਾਈਆਂ ਦਿੰਦਿਆਂ ਭਾਰਤ ਵਲੋ ਵੱਖ ਵੱਖ ਖੇਤਰਾਂ ਵਿਚ ਕੀਤੀ ਗਈ ਤਰੱਕੀ ਅਤੇ ਵਿਕਾਸ ਦਾ ਜ਼ਿਕਰ ਕਰਦਿਆਂ ਭਾਰਤ ਦੇ ਵਿਸ਼ਵ ਦੀ ਇਕ ਮਜ਼ਬੂਤ ਆਰਥਿਕਤਾ ਵਜੋ ਉਭਰਨ ਬਾਰੇ ਦੱਸਿਆ। ਇਸ ਮੌਕੇ ਉਹਨਾਂ ਭਾਰਤ ਅਤੇ ਕੈਨੇਡਾ ਅਤੇ ਵਿਸ਼ੇਸ਼ ਕਰਕੇ ਬ੍ਰਿਟਿਸ਼ ਕੋਲੰਬੀਆ ਨਾਲ ਵਪਾਰਕ ਅਤੇ ਦੁਵੱਲੇ ਸਬੰਧਾਂ ਦਾ ਜ਼ਿਕਰ ਕਰਦਿਆਂ ਦੋਵਾਂ ਮੁਲਕਾਂ ਵਲੋ ਮਜਬੂਤ ਪੁਲਾਂਘਾ ਭਰੇ ਜਾਣ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਕੈਨੇਡਾ ਵਿਚ ਵਸਦੇ ਭਾਰਤੀ ਮੂਲ ਦੇ ਲੋਕਾਂ ਵਲੋ ਕੈਨੇਡਾ ਦੀ ਤਰੱਕੀ ਦੇ ਵਿਕਾਸ ਦੇ ਨਾਲ ਆਪਣੇ ਪਿਤਰੀ ਮੁਲਕ ਨਾਲ ਸਬੰਧਾਂ ਦੇ ਨਾਲ ਭਾਰਤ ਦਾ ਨਾਮ ਉਚਾ ਕਰਨ ਲਈ ਵਧਾਈਆਂ ਦਿੱਤੀਆਂ।ਇਸ ਮੌਕੇ ਬ੍ਰਿਟਿਸ਼ ਕੋਲੰਬੀਆ ਦੇ ਟਰੇਡ ਮਨਿਸਟਰ ਜੌਰਜ ਚੋਅ ਨੇ ਵੀ ਪ੍ਰੀਮੀਅਰ ਜੌਨ ਹੌਰਗਨ ਦੀ ਤਰਫੋ ਭਾਰਤ ਦੇ 75 ਵੇਂ ਆਜਾਦੀ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਤੇ ਬੀ ਸੀ-ਇੰਡੀਆ ਵਪਾਰਕ ਸਬੰਧਾਂ ਦੀ ਮਜ਼ਬੂਤੀ ਦੀ ਚਰਚਾ ਕੀਤੀ।ਇਸ ਮੌਕੇ ਲਿਬਰਲ ਐਮ ਪੀ ਸੁੱਖ ਧਾਲੀਵਾਲ, ਐਮ ਪੀ ਰਣਦੀਪ ਸਿੰਘ ਸਰਾਏ, ਐਮ ਪੀ ਜੌਹਨ ਐਲਡਗ, ਮੇਅਰ ਡੱਗ ਮੈਕੱਲਮ, ਕੌਂਸਲਰ ਮਨਦੀਪ ਨਾਗਰਾ, ਸਪੀਕਰ ਰਾਜ ਚੌਹਾਨ, ਮਨਿਸਟਰ ਐਨੀ ਕੈਂਗ, ਸੇਵ ਧਾਲੀਵਾਲ ਕੌਂਸਲਰ ਬਰਨਬੀ, ਮਨਿਸਟਰ ਬਰੂਸ ਰਾਲਸਟਨ, ਐਮ ਐਲ ਏ ਜਿੰਨੀ ਸਿਮਜ਼, ਐਮ ਐਲ ਏ ਜਗਰੂਪ ਬਰਾੜ, ਸਾਬਕਾ ਮੰਤਰੀ ਡਾ ਗੁਲਜ਼ਾਰ ਸਿੰਘ ਚੀਮਾ, ਕੈਲਗਰੀ ਤੋ ਸਾਬਕਾ ਐਮ ਐਲ ਏ ਪ੍ਰਭ ਗਿੱਲ, ਪੰਜਾਬ ਤੋ ਸਾਬਕਾ ਸੂਚਨਾ ਕਮਿਸ਼ਨਰ ਨਿਧੜਕ ਸਿੰਘ ਬਰਾੜ, ਉਘੇ ਬਿਜਨੈਸਮੈਨ ਮਨਜੀਤ ਲਿੱਟ, ਦਲਜੀਤ ਥਿੰਦ, ਬ੍ਰਜ ਢਾਹਾਂ, ਗੋਰਡੀ ਡੌਡ ਵਿਕਟੋਰੀਆ, ਸਤਬੀਰ ਸਿੰਘ ਚੀਮਾ ਸੀਈਓ ਪਿਕਸ, ਮਨਿੰਦਰ ਗਿੱਲ ਸੀਈਓ ਰੇਡੀਓ ਇੰਡੀਆ, ਕੁਲਵਿੰਦਰ ਸੰਘੇੜਾ ਰੈਡ ਐਮ ਐਫ, ਬਿਲ ਸੰਧੂ ਸਾਂਝਾ ਟੀਵੀ ਤੇ ਹੋਰ ਕਈ ਸ਼ਖਸੀਅਤਾਂ ਹਾਜ਼ਰ ਸਨ।

# ਪੰਜਾਬ ਬਾਗੀ ਐ




ਓਹ ਕਹਿੰਦੇ ਇਸ ਵਾਰੀ ਤਿਰੰਗਾ ਲਹਿਰਾਓ ਇਹ ਕਹਿੰਦੇ ਸਾਡੇ ਕੋਲੇ ਆਵਦਾ ਹੈ ਨਾ ਤੁਸੀਂ ਰਖੋ ਸਾਂਭ ਕੇ ਅਪਣਾ । ਇਸ ਨੂੰ ਕਹਿੰਦੇ ਚੜਦੇ ਪਾਣੀ ਨੂੰ ਜਾਣਾ।ਗੁਰੂ ਨਾਨਕ ਸਾਹਿਬ ਜਿਓਂ ਤੁਰੇ ਬਾਕੀ ਕੰਮਾ ਨਾਲ ਬਾਗੀ ਵੀ ਇਕੱਠੇ ਕਰਦੇ ਚਲੇ ਗਏ ਅਤੇ ਓਹ ਵੀ ਲੱਭ ਲੱਭ।ਮਾਂ ਕਹਿੰਦੀ ਵੇ ਨਾਮਦੇਵਾ ਖੁਦਾ ਕਹਿ ਦੇਹ ਜਾਨ ਬਚਦੀ ਐ ਕੀ ਫਰਕ ਪੈਂਦਾ ਓਹ ਵੀ ਤਾਂ ਰਬ ਦਾ ਈ ਨਾਂ ਏ। ਬਾਬਾ ਕਹਿੰਦਾ ਮਾਂ ਕਿਸੇ ਦੀ ਟੈਂ ਮੰਨ ਕੇ ਤਾਂ ਰੱਬ ਵੀ ਨਾਂ ਕਹਾਂ ਮੈਂ।ਬਾਬਾ ਕਬੀਰ ਤਾਂ ਸਿਧੇ ਈ ਹੋ ਪਏ ਜਦ ਕਹਿੰਦੇ ਪੰਡਤਾ ਤੂੰ ਇਨਾ ਈ ਪਵਿਤਰ ਸੈਂ ਤਾਂ ਮਾਂ ਦੇ ਕਿਸੇ ਹੋਰ ਰਸਤੇ ਆ ਜਾਂਦਾ। ਪੰਡੀਆ ਕਹਿੰਦਾ ਹੜੰਬੇ ਮਰਨ ਵਾਲਾ ਨਰਕ ਬਨਾਰਸ ਮਰਨ ਵਾਲਾ ਸਵਰਗ ਜਾਂਦਾ ਤਾਂ ਬਾਬਾ ਕਹਿੰਦਾ ਆਹ ਚਕ ਆਵਦਾ ਸਵਰਗ ਚਲਾਣੇ ਤਾਂ ਹੁਣ ਹੜੰਬੇ ਈ ਹੋਣਗੇ। ਇਸੇ ਨੂੰ ਕਹਿੰਦੇ ਚੜਦੇ ਪਾਣੀ ਨੂੰ ਜਾਣਾ।ਪੰਡੀਆ ਕਹਿੰਦਾ ਤੂੰ ਚਮਾਰ ਤਾਂ ਬਾਬਾ ਰਵਿਦਾਸ ਕਹਿੰਦੇ ਚਮਾਰ ਤਾਂ ਚਮਾਰ ਹੀ ਸਹੀਂ ਅਤੇ ਪੰਡੀਏ ਨੂੰ ਚਿੜਾਓਂਣ ਖਾਤਰ ਪਤਾ ਨਹੀ ਕਿੰਨੀ ਵਾਰੀ ਖੁਦ ਨੂੰ ਚਮਾਰ ਹੀ ਲਿਖ ਗਏ ਕਿ ਹੋਰ ਦਸ ਹੁਣ।ਤੁਸੀਂ ਉਸ ਨੂੰ ਹੀ ਪਿਆਰ ਕਰੋਂਗੇ ਨਾਲ ਬੈਠਾਓਂਗੇ ਜੇ ਤੁਹਾਡੀ ਗਲ ਉਸ ਨਾਲ ਫਿਟ ਬੈਠਦੀ ਹੋਵੇਗੀ ਤਾਂ ਇਸ ਜਾ ਮਤਲਬ ਬਾਬੇ ਨੇ ਹਿੰਦੋਸਤਾਨ ਦੇ ਸਾਰੇ ਬਾਗੀ ਲਭ ਲਭ ਗੁਰੂ ਗ੍ਰੰਥ ਸਹਿਬ ਵਿਚ ਲਿਆ ਇਕਠੇ ਕੀਤੇ ਕਿਉਂਕਿ ਬਗਾਵਤ ਬਾਬੇ ਦੇ ਖੁਦ ਦੇ ਅੰਦਰ ਵੀ ਤਾਂ ਭਰੀ ਪਈ ਸੀ। ਇਹ ਗਲ ਤਾਂ ਪਿੰਡ ਦੇ ਮਰਾਸੀ ਨਾਲ ਯਾਰੀ ਤੋਂ ਹੀ ਖੁੜਕ ਗਈ ਸੀ ਪੰਡੀਏ ਨੂੰ।ਤਾਂ ਹੁਣ ਜਦ ਤੁਹਾਡਾ ਬਾਬਾ ਈ ਬਗਾਵਤ ਬੀਜ ਗਿਆ ਤਾਂ ਭੁਗਤਣਾ ਤਾਂ ਪੈਣਾ ਈ ਐ। ਜਾਂ ਫਿਰ ਗਲ ਟਲੀਆਂ ਬੰਨ ਲਓ ਟਿਕਾ ਲਾਕੇ ਜੈ ਸੀਆ ਰਾਮ ਕਰੀ ਚਲੋ ਇਹ ਦਸਣ ਲਈ ਕੀ ਬਾਬਾ ਤਾਂ ਸਾਡਾ ਕਮਲਾ ਸੀ ਕਿਸੇ ਨਾਲ ਬਣਾ ਕੇ ਨਹੀ ਰਖੀ। ਮੁਲਾਣਾ ਪੰਡਤ ਜੋਗੀ ਜਾਂ ਸਿਧ ਹਰੇਕ ਮਗਰ ਈ ਡਾਂਗ ਫੜੀ ਖੜਾ ਅਤੇ ਆਹਾ ਦੇਖੋ ਅਸੀਂ। ਇਓਂ ਰਿਹਾ ਜਾਂਦਾ ਸੰਸਾਰ ਵਿਚ। ਗੁਰਦੁਆਰੇ ਵੀ ਕੜਾਹ ਖਾ ਆਓ, ਮੰਦਰ ਦੀਆਂ ਫੁਲੀਆਂ ਨੂੰ ਵੀ ਫਕਾ ਮਾਰ ਲਓ। ਬੋਲੇ ਸੋ ਨਿਹਾਲ ਵੀ ਅਤੇ ਜੈ ਸ਼ੇਰਾਂ ਵਾਲੀ ਵੀ। ਤਿਰੰਗਾ ਵੀ ਚਕ ਲਓ ਕੇਸਰੀ ਵੀ ਝੁਲਾ ਦਿਓ।ਪੰਜਾਬ ਵਿਚਲੀ ਬਗਾਵਤ ਦੇ ਬੀਜ ਬਹੁਤ ਡੂੰਘੇ ਇਨੇ ਡੂੰਘੇ ਕੇ ਘਾਹ ਦੀਆਂ ਤਿੜਾਂ ਤਰਾਂ ਤੁਸੀਂ ਹੁਣੇ ਖੁਦ ਕੇ ਹਟਦੇ ਓਂ ਅਗਲੇ ਹਫਤੇ ਫਿਰ ਸਿਰ ਚੁਕੀ ਖੜਾ ਹੁੰਦਾ। ਦਿੱਲੀ ਚੰਗੀ ਭਲੀ ਲੰਮੇ ਪੈ ਗਈ ਨਾਦਰ ਅਗੇ ਅਤੇ ਉਸ ਦਿੱਲ ਖੋਹਲ ਕੇ ਦਿੱਲੀ ਲੁੱਟੀ ਪਰ ਪੰਜਾਬ ਵਾਲਿਆਂ ਨਾਦਰ ਹੀ ਲੁੱਟ ਕੱਢਿਆ।ਅਬਦਾਲੀ ਨਾਲ ਫੈਸਲਾ ਛੇਤੀ ਹੋ ਜਾਣਾ ਸੀ ਕਿਓਕਿ ਓਹ ਹੁਸ ਚੁਕਾ ਸੀ ਅਤੇ ਇਨੇ ਬੰਦੇ ਮਰਵਾਓਂਣ ਦੀ ਲੋੜ ਨਾ ਸੀ ਪਰ ਓਹ ਕਹਿੰਦੇ ਇਓਂ ਦੇ ਰਾਜ ਸਾਡੀ ਜੁੱਤੀ ਦੀ ਨੋਕ ਤੇ।ਗਲ ਤਾਂ ਚਾਰ ਕਲਮਿਆ ਦੀ ਹੀ ਸੀ ਪਰ ਲਹੌਰ ਦੇ ਨਖਾਸ ਚੌਂਕ ਤੇ ਰੋਜਾਨਾ ਵਢੀਦੇ ਟੁਕੀਂਦੇ ਰਹੇ ਪਰ ਮਜਾਲ ਕਿਸੇ ਪੜਿਆ ਹੋਵੇ।ਮਾ ਕਹਿੰਦੀ ਮੇਰਾ ਪੁੱਤ ਸਿੱਖ ਹੀ ਨਹੀ ਪਰ ਪੁਤ ਕਹਿੰਦਾ ਇਹ ਮੇਰੀ ਮਾਂ ਹੀ ਨਹੀ ਸਿਰ ਲਾਹੋ ਛੇਤੀ ਪਤਾ ਨਹੀ ਕੌਣ ਐ ਇਹ ਮਾਈ।ਤੋਪ ਦਾ ਗੋਲਾ ਜਦ ਚਲਣ ਲਗਿਆ ਤਾਂ ਛੋਟੇ ਨਿਆਣੇ ਨੂੰ ਦੇਖ ਕੇ ਤੋਪਚੀ ਕਹਿੰਦਾ ਇਸ ਦਾ ਸਿਰ ਨਹੀ ਆਓਣਾ ਗੋਲੇ ਦੀ ਜਦ ਹੇਠ ਕਢ ਦਿਓ ਇਸ ਨੂੰ। ਪਰ ਸਿੰਘ ਕਹਿੰਦਾ ਆਓਂਦਾ ਕਿਓਂ ਨਹੀ ਹੇਠਾਂ ਇਟਾਂ ਚਾਰ ਰਖਕੇ ਕਹਿੰਦਾ ਆਹ ਚਕ ਆ ਗਿਆ ਈ ਉਡਣ ਦੇਹ ਸਿਰ ਹੁਣ।ਹਾਲੇ ਸਾਡਾ ਬਣਿਆ ਤੁਣਿਆ ਈ ਕਖ ਨਹੀ ਦਿਲੀ ਗਲ ਗੂਠ ਰਖੀ ਬੈਠੀ ਪਾਕਿਸਤਾਨ ਬੈਠੇ ਮੁਲਾਣੇ ਨੂੰ ਹੁਣੇ ਤੋਂ ਈ ਫਿਕਰ ਪਿਆ ਵਿਆ ਕਿ ਜੇ ਖਾਲਿਸਤਾਨ ਬਣ ਗਿਆ ਪਾਕਿਸਤਾਨ ਹੈ ਨੀ। ਯਾਣੀ ਸਾਡੇ ਉਤੇ ਬੈਠੇ ਈ ਲੋਕ ਡਰ ਜਾਂਦੇ।ਪੂਰੇ ਹਿੰਦੁਸਤਾਨ ਨੂੰ ਲਿਤਾੜਦਾ ਅੰਗਰੇਜ ਸਾਡੇ ਹੀ ਟਾਊਟਾਂ ਸਾਡੇ ਸਾਹਵੇਂ ਤਾਂ ਲਿਆ ਬੈਠਾਇਆ ਪਰ ਮਹਾਰਾਜਾ ਰਣਜੀਤ ਸਿੰਘ ਦੇ ਜਿਓਂਦੇ ਤਕ ਇਨੀ ਜੁਅਰਤ ਨਾ ਕਰ ਸਕਿਆ ਕਿ ਅਖ ਵੀ ਚਕ ਕੇ ਦੇਖ ਜਾਏ।ਬਾਗੀ ਹੋਣਾ ਪੰਜਾਬ ਦੇ ਲਹੂ ਵਿਚ ਐ। ਨਫੇ ਨੁਕਸਾਨ ਤਾਂ ਸਾਡੇ ਬਾਬਿਆਂ ਨਾ ਸੋਚੇ ਨਹੀ ਖੁਆਰੀਆਂ ਤੋਂ ਬਚ ਨਾ ਜਾਂਦੇ। ਅਨੰਦਪੁਰ ਉਜੜਦਾ ਕਾਹਤੋਂ। ਪੁਤਾਂ ਦੀਆਂ ਲਾਸ਼ਾਂ ਕਾਹਤੋਂ ਲੰਘਣੀਆਂ ਪੈਂਦੀਆਂ ਪਰ ਵਡਾ ਬਾਬਾ ਬੀਜ ਹੀ ਬਗਾਵਤ ਦੇ ਬੀਜ ਗਿਆ। ਹੁਣ ਜਾਂ ਤਾਂ ਬਾਬਾ ਛਡਣਾ ਪੈਣਾ ਜਾਂ ਖੁਆਰੀਆਂ ਤਾਂ ਫਿਰ ਕੰਧ ਤੇ ਲਿਖੀਆਂ ਪਈਆਂ। ਨਹੀ?-ਗੁਰਦੇਵ ਸਿੰਘ ਸੱਧੇਵਾਲੀਆ

# ਸਿੱਧੂ ਮੂਸੇਵਾਲਾ ਦੇ ਪਿਤਾ ਦਾ ਬਿਆਨ, 'ਕੁਝ ਦੋਸਤ ਹੀ ਬਣੇ ਮੇਰੇ ਪੁੱਤ ਦੇ ਦੁਸ਼ਮਣ, ਵਕਤ ਆਉਣ 'ਤੇ ਦੱਸਾਂਗਾ ਨਾਂ'



ਚੰਡੀਗੜ੍ਹ: ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਹਨਾਂ ਕਿਹਾ ਕਿ ਮੈਂ ਜਲਦੀ ਹੀ ਆਪਣੇ ਬੇਟੇ ਦੀ ਮੌਤ ਲਈ ਜ਼ਿੰਮੇਵਾਰ ਲੋਕਾਂ ਦੇ ਨਾਂ ਦੱਸਾਂਗਾ।ਉਹਨਾਂ ਕਿਹਾ ਕਿ ਮੈਂ ਸਾਰੇ ਰਾਜ਼ ਖੋਲ੍ਹਾਂਗਾ, ਮੈਨੂੰ ਕੁਝ ਸਮਾਂ ਦਿਓ।ਬਲਕੌਰ ਸਿੰਘ ਨੇ ਕਿਹਾ ਕਿ "ਕੁਝ ਕਾਲੀਆਂ ਭੇਡਾਂ ਮੇਰੇ ਪੁੱਤ ਦੇ ਕਰੀਅਰ ਦੀਆਂ ਦੁਸ਼ਮਣ ਬਣ ਗਈਆਂ।ਸ਼ੁਰੂਆਤ ਵਿਚ ਉਸ ਦਾ ਜਿਨ੍ਹਾਂ ਲੋਕਾਂ ਨਾਲ ਵਾਹ ਪਿਆ, ਉਹ ਖਰੇ ਬੰਦੇ ਨਹੀਂ ਸੀ।ਸਿੱਧੂ ਨੂੰ ਨਹੀਂ ਪਤਾ ਸੀ ਕਿ ਅੱਜ ਜੋ ਉਸ ਦੇ ਭਰਾ ਬਣੇ ਨੇ ਕੱਲ੍ਹ ਨੂੰ ਉਹੀ ਦੁਸ਼ਮਣ ਬਣ ਜਾਣਗੇ। ਵਕਤ ਆਉਣ 'ਤੇ ਇਹਨਾਂ ਗਿਰਝਾਂ ਦੇ ਨਾਂ ਵੀ ਦੱਸਾਂਗਾ"।ਉਹਨਾਂ ਕਿਹਾ ਕਿ ਕਈ ਕਲਾਕਾਰਾਂ ਨੇ ਗਿਣੀ ਮਿੱਥੀ ਸਾਜ਼ਿਸ਼ ਤਹਿਰ ਮੇਰਾ ਪੁੱਤ ਪਾਸੇ ਕਰ ਦਿੱਤਾ।ਹੁਣ ਮੈਦਾਨ ਵਿਹਲਾ ਹੈ, ਹੁਣ ਗਾਣੇ ਚਲਾ ਕੇ ਦੇਖ ਲਓ।ਇੱਥੇ ਸੱਚ ਹੀ ਚੱਲਣਾ ਹੈ।ਮੂਸੇਵਾਲਾ ਦੇ ਪਿਤਾ ਨੇ ਅੱਗੇ ਕਿਹਾ ਕਿ ਅਸੀਂ ਆਜ਼ਾਦੀ ਦਿਹਾੜਾ ਮਨਾ ਰਹੇ ਹਾਂ ਪਰ ਜਿਸ ਤਰ੍ਹਾਂ ਮੇਰੇ ਪੁੱਤ ਨਾਲ ਹੋਈ, ਮੈਨੂੰ ਨਹੀਂ ਲੱਗਦਾ ਕਿ ਅਸੀਂ ਆਜ਼ਾਦ ਹਾਂ।ਮਰਹੂਮ ਗਾਇਕ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰਦਿਆਂ ਬਲਕੌਰ ਸਿੰਘ ਨੇ ਕਿਹਾ ਕਿ "ਤੁਹਾਡਾ ਪਿਆਰ ਦੇਖ ਕੇ ਮੈਨੂੰ ਲੱਗਦਾ ਕਿ ਸਿੱਧੂ ਮੇਰੇ ਨਾਲੋਂ ਵੱਧ ਤੁਹਾਡੇ ਜ਼ਿਆਦਾ ਕਰੀਬ ਸੀ। ਉਹ ਸਿਰਫ਼ ਸਾਡਾ ਪੁੱਤ ਨਹੀਂ ਸੀ, ਉਹ ਪੂਰੇ ਪੰਜਾਬ ਅਤੇ ਪੂਰੀ ਦੁਨੀਆਂ ਦਾ ਪੁੱਤ ਬਣ ਚੁੱਕਿਆ ਸੀ"।ਉਹਨਾਂ ਕਿਹਾ ਕਿ ਅਕਾਲ ਪੁਰਖ ਜੋ ਦਿੰਦਾ ਹੈ, ਉਸ ਨੂੰ ਖੋਹਣ ਦਾ ਹੱਕ ਵੀ ਰੱਖਦਾ ਹੈ।ਇਸ ਲਈ ਮੈਂ ਉਸ ਦੇ ਫ਼ੈਸਲੇ ਅੱਗੇ ਸਿਰ ਝੁਕਾਉਂਦਾ ਹਾਂ। ਬਲਕੌਰ ਸਿੰਘ ਨੇ ਕਿਹਾ ਕਿ ਮੈਂ ਮਾਣ ਨਾਲ ਕਹਿੰਦਾ ਹਾਂ ਕਿ ਮੇਰੇ ਪੁੱਤ ਦੀ ਜ਼ੀਰੋ ਫੀਸਦੀ ਵੀ ਗਲਤੀ ਨਹੀਂ, ਉਸ ਦੀ ਗਲਤੀ ਇਹੀ ਸੀ ਕਿ ਉਹ ਇਕ 2 ਕਮਰਿਆਂ ਵਾਲੇ ਮਕਾਨ ਵਿਚ ਉੱਠਿਆ ਅਤੇ ਆਪਣੀ ਕਾਬਲੀਅਤ ਜ਼ਰੀਏ ਉਸ ਨੇ ਦੁਨੀਆਂ ਭਰ ਵਿਚ ਆਪਣੇ ਝੰਡੇ ਗੱਡੇ। ਸਿੱਧੂ ਦੇਖਣ ਨੂੰ 22-24 ਸਾਲ ਦਾ ਗੱਭਰੂ ਲੱਗਦਾ ਸੀ ਪਰ ਉਹ ਇਕ ਰੱਬੀ ਰੂਪ ਸੀ, ਸਿੱਧੂ ਇਕ ਤੁਰਿਆ-ਫਿਰਦਾ ਪਾਰਸ ਸੀ।ਸ਼ਗਨਪ੍ਰੀਤ ਬਾਰੇ ਗੱਲ ਕਰਦਿਆਂ ਸਿੱਧੂ ਦੇ ਪਿਤਾ ਨੇ ਕਿਹਾ ਹਜ਼ਾਰਾਂ ਪ੍ਰਸ਼ੰਸਕਾਂ ਵਾਂਗ ਸ਼ਗਨਪ੍ਰੀਤ ਵੀ ਸਿੱਧੂ ਨੂੰ ਇਕ ਸਾਲ ਪਹਿਲਾਂ ਮਿਲਿਆ ਸੀ।ਪਰ ਲੋਕਾਂ ਨੇ ਉਸ ਨੂੰ ਸਾਡਾ ਮੈਨੇਜਰ ਬਣਾ ਦਿੱਤਾ, ਉਹ ਸਿੱਧੂ ਦਾ ਮੈਨੇਜਰ ਨਹੀਂ ਸੀ। ਬਲਕੌਰ ਸਿੰਘ ਨੇ ਕਿਹਾ, "ਸਿੱਧੂ ਨੂੰ ਸਿੱਖ ਭਾਈਚਾਰੇ ਅਤੇ ਪੰਜਾਬੀਆਂ ਨੇ ਕਬੂਲ ਲਿਆ ਸੀ। ਬੇਸ਼ੱਕ ਸਿੱਧੂ ਸ਼ਕਲੋ ਐਨਾ ਸੋਹਣਾ ਨਹੀਂ ਸੀ ਪਰ ਉਸ ਦੇ ਸਿਰ 'ਤੇ ਪੱਗ, ਕੇਸ, ਸੱਚੀ ਗੱਲ ਕਰਨਾ ਅਤੇ ਸਾਦਾ ਜੀਵਨ ਲੋਕਾਂ ਨੂੰ ਭਾਅ ਗਿਆ ਸੀ।ਇਹ ਗੱਲਾਂ ਲੋਕਾਂ ਨੂੰ ਉਸ ਦੀ ਗਾਇਕੀ ਨਾਲੋਂ ਵਧੇਰੇ ਚੰਗੀਆਂ ਲੱਗਦੀਆਂ ਸਨ"।

# ਸਿੱਖ ਜਥੇਬੰਦੀਆਂ ਵੱਲੋਂ ਮੀਨਾਰ-ਏ-ਫ਼ਤਿਹ ਨੂੰ ਰੌਸ਼ਨੀਆਂ ਦੇ ਜ਼ਰੀਏ ਤਿਰੰਗਾ ਰੰਗ ਦੇਣ ਦੇ ਵਿਰੋਧ ਵਿਚ ਰੋਸ ਧਰਨਾ



ਐਸ ਏ ਐਸ ਨਗਰ, (ਕੇ. ਐਸ.ਰਾਣਾ)- ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਰਹਿੰਦ ਨੂੰ ਫ਼ਤਿਹ ਕਰਨ ਦੀ ਯਾਦ ਵਿਚ ਚੱਪੜ ਚਿੜੀ ਵਿਖੇ ਬਣੀ ਯਾਦਗਾਰ ਮੀਨਾਰ- ਏ- ਫ਼ਤਿਹ ਨੂੰ ਰੋਸ਼ਨੀਆਂ ਦੇ ਜ਼ਰੀਏ ਤਿਰੰਗਾ ਰੰਗ ਦੇਣ ਦੇ ਵਿਰੋਧ ਵਜੋਂ ਅੱਜ ਬੁੱਧਵਾਰ ਸਿੱਖ ਜਥੇਬੰਦੀਆਂ ਵਲੋਂ ਕਰੜਾ ਵਿਰੋਧ ਕੀਤਾ ਗਿਆ।ਮੀਨਾਰ- ਏ- ਫ਼ਤਿਹ ਦੇ ਬਿਲਕੁਲ ਬਾਹਰ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਵਲੋਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਹੈ ਯਾਦਗਾਰ ਬਾਬਾ ਬੰਦਾ ਸਿੰਘ ਬਹਾਦਰ ਸਮੇਂ ਦੇ ਜ਼ਾਲਮ ਹਾਕਮਾਂ ਨੂੰ ਉਸ ਵਲੋ ਕੀਤੇ ਜ਼ੁਲਮਾਂ ਦੀ ਸਜਾ ਦਿੰਦਿਆਂ ਸਰਹੰਦ ਫ਼ਤਿਹ ਕਰਕੇ ਖਾਲਸਾਈ ਨਿਸ਼ਾਨ ਝੁਲਾਇਆ ਸੀ ਪਰ ਇਸ ਯਾਦਗਾਰ ਨੂੰ ਰੌਸ਼ਨੀਆਂ ਨਾਲ ਤਿਰੰਗੇ ਦਾ ਰੂਪ ਦੇ ਕੇ ਸਿੱਖ ਜਜ਼ਬਾਤਾਂ ਨੂੰ ਠੇਸ ਪਹੁੰਚਾਇਆ ਆ ਗਿਆ ਹੈ ਜੋ ਕੇ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ICBC Certified Driving School
B and H Driving School Inc.
Surrey BC
Driving Training 5, 7




Certified Instructor
Reasonable Rates
Punjabi Speaking
Car Available for Road Test

ਤਜਰਬੇਕਾਰ ਇੰਸਟ੍ਰਕਟਰ ਕੋਲੋਂ ਕਾਰ ਚਲਾਉਣੀ ਸਿੱਖੋ। ਸਾਡੇ ਰੇਟ ਵਾਜਬ ਹਨ ਅਤੇ ਅਸੀਂ ਪੰਜਾਬੀ ਬੋਲਦੇ ਹਾਂ। ਰੋਡ ਟੈਸਟ ਲਈ ਕਾਰ ਵੀ ਉਪਲੱਬਧ ਹੈ। ਸੰਪਰਕ ਕਰੋ :

604-807-2296

2310

# ਹਸਗੁੱਲੇ



ਤਾਏ ਨੇ ਤਾਂ ਸਾਰਾ ਪੰਜਾਬ ਵੀ ਨਹੀਂ ਦੇਖਿਆ ਸੀ ,ਕਿ ਭਤੀਜੇ ਦੇ ਵਿਆਹ ਦਾ ਕਾਰਡ ਕਾਹਦਾ ਆਇਆ, ਤਾਏ ਨੂੰ ਕਨੇਡਾ ਘੁੰਮਣ ਦਾ ਵੀਜ਼ਾ ਲੱਗ ਗਿਆ !

ਕਨੇਡਾ ਪਹੁੰਚਣ ਤੇ ਭਤੀਜੇ ਨੇ ਵੀ ਸੋਚਿਆ ਕਿ ਫੇਰ ਤਾਂ ਵਿਆਹ ਵਿੱਚ ਬਿਜੀ ਹੋ ਜਾਣਾ ਪਹਿਲਾਂ ਤਾਏ ਨੂੰ ਦੁਨੀਆਂ ਦਾ ਅੱਠਵਾਂ ਅਜੂਬਾ ਨਿਆਗਰਾ ਫ਼ਾਲਜ ਵਿਖਾ ਲਿਆਵਾਂ !!

ਸੱਚੀ ...!! ਇਸ ਫ਼ਾਲਜ ਨੂੰ ਵੇਖਕੇ ਭੁੱਖ ਲਹਿੰਦੀ ਹੈ ਤੇ ਲੱਖਾਂ ਲੋਕ ਇਸਦੇ ਡਿਗਦੇ ਪਾਣੀ ਤੇ ਬਣ ਰਹੀਆਂ ਸੱਤ ਰੰਗੀਆਂ ਪੀਂਘਾਂ ਦਾ ਅਨੰਦ ਮਾਣਦੇ ਹਨ !

ਬੜੀ ਹੀ ਸੰਗੀਤਮਈ ਅਵਾਜ਼ ...

ਬਹੁਤੇ ਟੂਰਿਸਟ ਤੇ ਖ਼ਾਸ ਤੌਰ ਤੇ ਗੋਰੀਆਂ !

ਜਦ ਭਤੀਜੇ ਨੇ ਵੇਖਿਆ ਕਿ ਤਾਏ ਦਾ ਧਿਆਨ ਤਾਂ ਹੋਰ ਪਾਸੇ ਹੈ ...

ਤਾਂ ਭਤੀਜੇ ਨੇ ਕਿਹਾ "ਤਾਇਆ ! ਪਾਣੀ ਦੇਖ ਪਾਣੀ ...!!"

"ਤਾਇਆ ਬੋਲਿਆ !! ਨਾ ਪਾਣੀ ਸਾਡੇ ਪਿੰਡ ਵਾਲ਼ੀ ਨਹਿਰ ਵਿਚ ਥੋੜ੍ਹਾ ਤੂੰ ਦੇਖਣ ਵਾਲੀ ਚੀਜ਼ ਦੇਖਣ ਦੇ!

*****************

ਪੱਪੂ ਬੈਂਕ ਚ ਪੈਸੇ ਜਮ੍ਹਾਂ ਕਰਵਾਉਣ ਗਿਆ!

ਕੈਸ਼ੀਅਰ :-ਤੁਹਾਡੇ ਸਾਰੇ ਨੋਟ ਨਕਲੀ !

ਪੱਪੂ :- ਕੀ ਫ਼ਰਕ ਪੈਂਦਾ ਜਮ੍ਹਾਂ ਤਾਂ ਮੇਰੇ ਖਾਤੇ ਜੀ ਹੋ ਰਹੇ ਹਨ ਨਾ!

.ਨੌਕਰਾਣੀ (ਘਰ ਦੀ ਨੂੰਹ ਨੂੰ)-ਮੇਮ ਸਾਹਿਬ ਜਲਦੀ ਆਉ ਗੁਆਂਢ ਦੀਆਂ ਤਿੰਨ ਔਰਤਾਂ ਤੁਹਾਡੀ ਸੱਸ ਨੂੰ ਕੁੱਟ ਰਹੀਆਂ ਹਨ!

ਨੂੰਹ ਬਾਲਕੋਨੀ ਜਾ ਕੇ ਦੇਖਣ ਲੱਗੀ!

ਨੌਕਰਾਣੀ ਬੋਲੀ :-ਕੀ ਤੂੰ ਉਨ੍ਹਾਂ ਦੀ ਮਦਦ ਕਰਨ ਨਹੀਂ ਜਾਵੇਂਗੀ?

ਨੂੰਹ:- ਨਹੀਂ !ਰਹਿਣ ਦੇ ਉਹ ਤਿੰਨ ਹੀ ਕਾਫ਼ੀ ਹਨ!

ਪੱਪੂ ਇਕੱਲਾ ਬੈਠਾ ਹੱਸ ਰਿਹਾ ਸੀ ਹੀ ਤਾਂ ਦੋਸਤ ਨੇ ਪੁੱਛਿਆ ਕੀ ਗੱਲ ਹੱਸ ਕਿਉਂ ਰਿਹੈ ?

ਪੱਪੂ :-ਆਪਣੀ ਕਾਲੋਨੀ ਦੇ ਸ਼ਰਮਾ ਜੀ ਨੇ ਨਵੀਂ ਕਾਰ ਖਰੀਦੀ ਕਾਰ ਦੇ ਪਿੱਛੇ ਲਿਖਵਾਇਆ 'ਸਾਵਨ ਕੋ ਆਨੇ ਦੋ"

ਦੋਸਤ:-ਤਾਂ ਫਿਰ ?

ਪੱਪੂ :-ਫੇਰ ਕੀ ਉਨ੍ਹਾਂ ਦੀ ਨਵੀਂ ਕਾਰ ਨੂੰ ਪਿੱਛੋਂ ਇੱਕ ਟਰੱਕ ਨੇ ਠੋਕ ਦਿੱਤਾ ਅਤੇ ਟਰੱਕ ਤੇ ਲਿਖਿਆ ਸੀ 'ਸਾਵਣ ਆਇਆ ਝੂਮਕੇ'

*****************

ਮਾਸਟਰ ਜੀ:- ਬੱਚਿਓ ਵਾਅਦਾ ਕਰੋ ਕਿ ਕਦੀ ਨਸ਼ਾ ਨਹੀਂ ਕਰੋਗੇ ?

ਵਿਦਿਆਰਥੀ :-ਨਹੀਂ ਕਰਾਂਗੇ ਮਾਸਟਰ ਜੀ!

ਮਾਸਟਰ:- ਕਦੀ ਲੜਕੀਆਂ ਦਾ ਪਿੱਛਾ ਨਹੀਂ ਕਰੋਗੇ ?

ਲੜਕੇ :ਨਹੀਂ ਕਰਾਂਗੇ?

ਮਾਸਟਰ:- ਵਤਨ ਲਈ ਆਪਣੀ ਜਾਨ ਵੀ ਦਿਆਂਗੇ?

ਪੱਪੂ ਬੋਲਿਆ:- ਦੇ ਦਿਆਂਗੇ ਮਾਸਟਰ ਜੀ ਵੈਸੇ ਵੀ ਅਜਿਹੀ ਜ਼ਿੰਦਗੀ ਦਾ ਕਰਾਂਗੇ ਵੀ ਕੀ ?

*****************

ਪਤਨੀ(ਪਤੀ ਨੂੰ) ਕੀ ਮੈਂ ' ਆਪਣੇ ਪੁਰਾਣੇ ਕੱਪੜੇ ਕਿਸ ਨੂੰ ਦਾਨ ਕਰਦਿਆਂ?

ਪਤੀ :-ਨਾ ਸੁੱਟ ਦੇ ਦਾਨ ਕੀ ਕਰਨੇ !

ਪਤਨੀ :-ਨਹੀਂ ਦੁਨੀਆ ਚ ਬਹੁਤ ਗ਼ਰੀਬ ਭੁੱਖੀਆਂ ਪਿਆਸੀਆਂ ਔਰਤਾਂ ਹਨ ਇਹ ਕਿਸੇ ਦੇ ਕੰਮ ਆ ਜਾਣਗੇ !

ਪਤੀ :-ਜਿਸਨੂੰ ਤੇਰੇ ਸਾਈਜ਼ ਦੇ ਕੱਪੜੇ ਆਉਂਣਗੇ ਕੀ ਉਹ ਭੁੱਖਾ ਪਿਆਸਾ ਹੋਵੇਗਾ?

*****************

ਪਹਿਲਾ ਕੈਦੀ ਦੂਸਰੇ ਨੂੰ :- ਤੈਨੂੰ ਪੁਲਸ ਨੇ ਕਿਉਂ ਫੜਿਆ?

ਦੂਸਰਾ ਕੈਦੀ :ਬੈਂਕ ਨੂੰ ਲੁੱਟਣ ਤੋਂ ਬਾਅਦ ਉੱਥੇ ਹੀ ਬੈਠ ਕੇ ਪੈਸੇ ਗਿਣਨ ਲੱਗ ਪਿਆ ਸੀ ਤਾਂ ਪੁਲੀਸ ਨੇ ਫੜ ਲਿਆ!

ਪਹਿਲਾਂ ਕੈਦੀ : ਉਥੇ ਬੈਠ ਕੇ ਪੈਸੇ ਗਿਣਨ ਦੀ ਕੀ ਲੋੜ ਸੀ?

ਦੂਸਰਾ ਕੈਦੀ:- ਓ ਯਾਰ ਉੱਥੇ ਲਿਖਿਆ ਸੀ ਕਾਉਂਟਰ ਛੱਡਣ ਤੋਂ ਪਹਿਲਾਂ ਪੈਸੇ ਗਿਣ ਲਓ ਬਾਅਦ ਚ ਬੈਂਕ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ!

*****************

ਇੱਕ ਵਾਰੀ ਇੱਕ ਔਰਤ ਦੇ ਘਰ ਦੀ ਡੋਰਬੈੱਲ ਖ਼ਰਾਬ ਹੋ ਗਈ ਤਾਂ ਉਸ ਨੇ ਪੱਪੂ ਮਕੈਨਿਕ ਨੂੰ ਘੰਟੀ ਠੀਕ ਕਰਨ ਨੂੰ ਕਿਹਾ।

ਕਾਫ਼ੀ ਦਿਨਾ ਤੱਕ ਜਦੋਂ ਘੰਟੀ ਠੀਕ ਨਾ ਹੋਈ ਤਾਂ ਉਸ ਔਰਤ ਨੇ ਫੋਨ ਕਰਕੇ ਉਸ ਨੂੰ ਬੁਲਾਇਆ ਤੇ ਪੁੱਛਿਆ ਮੈਂ ਤੈਨੂੰ ਘਰ ਦੀ ਘੰਟੀ ਠੀਕ ਕਰਨ ਲਈ ਕਿਹਾ ਸੀ ਤੂੰ ਆਇਆ ਕਿਉਂ ਨਹੀਂ?

ਪੱਪੂ:- ਜੀ ਮੈਂ ਤਾਂ ਤਿੰਨ ਚਾਰ ਵਾਰ ਤੁਹਾਡੇ ਘਰ ਆਇਆ ਸੀ! ਤੀਹ ਤੀਹ ਮਿੰਟ ਘੰਟੀ ਵਜਾਉਂਦਾ ਰਿਹਾ ਕਿਸੇ ਨੇ ਦਰਵਾਜ਼ਾ ਨਹੀਂ ਖੋਲ੍ਹਿਆ?

*****************

ਸੰਤਾ:-ਯਾਰ ਤੇਰੀ ਪਤਨੀ ਗੁੱਸਾ ਬਹੁਤ ਕਰਦੀ ਹੈ ?

ਬੰਤਾ:- ਮੇਰੀ ਵਾਲੀ ਵੀ ਪਹਿਲਾਂ ਬਹੁਤ ਗੁੱਸਾ ਕਰਦੀ ਸੀ ਹੁਣ ਨਹੀਂ ਕਰਦੀ !

ਸੰਤਾ:- ਅੱਛਾ ਹੁਣ ਫੇਰ ਤੂੰ ਕੀ ਇਲਾਜ ਕੀਤਾ?

ਬੰਤਾ:- ਇਕ ਦਿਨ ਉਹ ਬਹੁਤ ਗੁੱਸੇ ਸੀ ਮੈਂ ਵੀ ਕਹਿ ਦਿੱਤਾ ਬੁਢੇਪੇ ਚ ਗੁੱਸਾ ਆ ਹੀ ਜਾਂਦਾ ਹੈ ਬਸ ਉਸ ਦਿਨ ਤੇ ਅੱਜ ਦਾ ਦਿਨ ਉੱਚੀ ਆਵਾਜ਼ ਚ ਗੱਲ ਵੀ ਨਹੀਂ ਕਰਦੀ!

*****************

''ਕੱਲ੍ਹ ਮੈਂ ਇੱਕ ਰਾਕੇਟ ਛੱਡਿਆ, ਜੋ ਸਿੱਧਾ ਚੰਨ ਨਾਲ ਟਕਰਾਇਆ।''

ਰਾਧਾ ਨੇ ਆਪਣੀ ਸਹੇਲੀ ਨੂੰ ਦੱਸਿਆ।

ਸਹੇਲੀ ਨੇ ਕਿਹਾ, ''ਫਿਰ ਕੀ ਹੋਇਆ?''

ਰਾਧਾ, ''ਫਿਰ ਕੀ ਹੋਣਾ ਸੀ, ਮੈਨੂੰ ਖ਼ੂਬ ਕੁੱਟ ਪਈ?''

ਸਹੇਲੀ, ''ਉਹ ਕਿਉਂ?''

ਰਾਧਾ, ''ਕਿਉਂਕਿ, ਉਹ ਚੰਨ (ਗੰਜਾ ਸਿਰ) ਮੇਰੇ ਨਾਨਾ ਜੀ ਦਾ ਸੀ।''

*****************

ਸੰਜੀਵ ਤਿੰਨ ਮੰਜ਼ਿਲਾ ਮਕਾਨ ਦੇ ਹੇਠਾਂ ਖੜ੍ਹਾ ਹੋ ਕੇ ਉਪਰ ਵੱਲ ਦੇਖ ਰਿਹਾ ਸੀ।

ਵਿੱਕੀ ਨੇ ਉਸ ਤੋਂ ਪੁੱਛਿਆ, ''ਉਪਰ ਕੀ ਦੇਖ ਰਿਹਾ ਏਂ?''

ਸੰਜੀਵ ਬੋਲਿਆ, ''ਮੈਂ ਉਪਰੋਂ ਘੜੀ ਸੁੱਟ ਦਿੱਤੀ ਸੀ। ਉਸ ਦੀ ਉਡੀਕ ਕਰ ਰਿਹਾ ਹਾਂ।''

ਵਿੱਕੀ, ''ਉਹ ਤਾਂ ਕਦੋਂ ਦੀ ਡਿੱਗ ਚੁੱਕੀ ਹੋਵੇਗੀ।''

ਸੰਜੀਵ, ''ਨਹੀਂ ਉਹ ਪੰਜ ਮਿੰਟ ਪਿੱਛੇ ਚੱਲਦੀ ਸੀ?''

*****************

ਰੇਲ ਵਿੱਚ ਇੱਕ ਆਦਮੀ ਸਫਰ ਕਰ ਰਿਹਾ ਸੀ। ਟਿਕਟ ਚੈਕਰ ਨੇ ਟਿਕਟ ਪੁੱਛੀ। ਉਸ ਨੇ ਟਿਕਟ ਫੜਾ ਦਿੱਤੀ।

ਟਿਕਟ ਦੇਖ ਕੇ ਚੈਕਰ ਬੋਲਿਆ, ''ਇਹ ਤਾਂ ਪਲੇਟਫਾਰਮ ਟਿਕਟ ਹੈ।''

''ਜੀ ਮੈਂ ਵੀ ਅਗਲੇ ਪਲੇਟਫਾਰਮ ਉੱਤੇ ਹੀ ਉਤਰਨਾ ਹੈ।'' ਉਸ ਦਾ ਜਵਾਬ ਸੀ।

*****************

ਲੇਜ਼ੀ ਬੁਆਏ, ''ਪਾਪਾ ਇੱਕ ਗਲਾਸ ਪਾਣੀ ਦੇਣਾ।''

ਪਾਪਾ, ''ਖ਼ੁਦ ਉਠ ਕੇ ਪੀ ਲੈ...।''

ਬੁਆਏ, ''ਪਲੀਜ਼, ਦੇ ਦੋ ਨਾ...''

ਪਾਪਾ, ''ਜੇ ਦੋਬਾਰਾ ਪਾਣੀ ਮੰਗਿਆ ਤਾਂ ਥੱਪੜ ਮਾਰਾਂਗਾ।''

ਬੁਆਏ, ''ਥੱਪੜ ਮਾਰਨ ਆਓ ਤਾਂ ਪਾਣੀ ਲੈਂਦੇ ਆਇਓ...।''

********

ਸਿਪਾਹੀ, ''ਚੱਲ ਮੇਰੇ ਭਰਾ, ਤੇਰੀ ਫਾਂਸੀ ਦਾ ਸਮਾਂ ਹੋ ਗਿਆ ਹੈ।''

ਕੈਦੀ, ''ਮੈਨੂੰ ਤਾਂ ਫਾਂਸੀ ਵੀਹ ਦਿਨ ਬਾਅਦ ਹੋਣ ਵਾਲੀ ਸੀ।''

ਸਿਪਾਹੀ, ''ਜੇਲ੍ਹਰ ਸਾਹਿਬ ਕਹਿ ਕੇ ਗਏ ਹਨ ਕਿ ਤੂੰ ਉਨ੍ਹਾਂ ਦੇ ਪਿੰਡ ਦਾ ਹੈਂ, ਇਸ ਲਈ ਤੇਰਾ ਕੰਮ ਹੋਰ ਦੋਸ਼ੀਆਂ ਤੋਂ ਪਹਿਲਾਂ...।''

********

ਸਿਪਾਹੀ ਘਟਨਾ ਸਥਾਨ ਤੋਂ ਥਾਣੇਦਾਰ ਨੂੰ ਫੋਨ ਕਰ ਕੇ ਬੋਲਿਆ, ''ਜਨਾਬ ਇੱਥੇ ਇੱਕ ਔਰਤ ਨੇ ਆਪਣੀ ਪਤੀ ਨੂੰ ਗੋਲੀ ਮਾਰ ਦਿੱਤੀ ਹੈ।''

ਥਾਣੇਦਾਰ, ''ਕਿਉਂ?''

ਸਿਪਾਹੀ, ''ਕਿਉਂਕਿ ਉਸ ਦਾ ਪਤੀ ਪੋਚੇ ਲੱਗੇ ਹੋਏ ਗਿੱਲੇ ਫਰਸ਼ ਉੱਤੇ ਚੱਲਣ ਲੱਗਾ ਸੀ।''

ਥਾਣੇਦਾਰ, ''ਤੂੰ ਗ੍ਰਿਫਤਾਰ ਕਰ ਲਿਆ ਉਸ ਨੂੰ।''

ਸਿਪਾਹੀ, ''ਨਹੀਂ ਸਾਹਿਬ, ਪੋਚਾ ਅਜੇ ਸੁੱਕਿਆ ਨਹੀਂ।''

********

ਪਿੰਕੀ, ''ਕਿੰਨੀ ਵੀ ਠੰਢ ਪੈ ਜਾਵੇ, ਪਰ ਮੈਂ ਰੋਜ਼ ਨਹਾਉਂਦੀ ਹਾਂ।''

ਪ੍ਰਿੰਸ, ''ਓਏ ਮੈਂ ਤਾਂ ਠੰਢ ਵਿੱਚ ਦੋ ਵਾਰ ਨਹਾਉਂਦਾ ਹਾਂ।''

ਪਿੰਕੀ, ''ਵਾਓ! ਤੂੰ ਤਾਂ ਬਹੁਤ ਪਿਆਰਾ ਏਂ।''

ਪ੍ਰਿੰਸ, ''ਓ ਨਹੀਂ ਪਾਗਲ, ਮੈਂ ਦੋ ਵਾਰ ਨਹਾਉਂਦਾ ਹਾਂ, ਪਰ ਮਹੀਨੇ ਵਿੱਚ।''

********

SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
Civil Litigation
*Contract Disputes
*Construction Disputes
*Debt Collection
*Business Disputes
*Builders Lien
Divorce Cases
Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution
Immigration Law
*Immigration Appeals
*Overseas sponsorships of spouses, dependant children and parents
*Inland sponsorships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits


604.543.3886
SINGH THIND & ASSOCIATES
BARRISTERS & SOLICITORS

## ਸ਼੍ਰੀਨਗਰ 'ਚ 1850 ਮੀਟਰ ਲੰਬਾ ਤਿਰੰਗਾ:ਸਟੇਡੀਅਮ ਖਾਲੀ



ਸ਼੍ਰੀਨਗਰ-ਸ਼੍ਰੀਨਗਰ 'ਚ ਐਤਵਾਰ ਨੂੰ ਇਕ ਪ੍ਰੋਗਰਾਮ 'ਚ 1850 ਮੀਟਰ ਤੋਂ ਵੱਧ ਲੰਬਾ ਇਕ ਤਿਰੰਗਾ ਪ੍ਰਦਰਸ਼ਿਤ ਕੀਤਾ ਗਿਆ, ਜੋ ਦੇਸ਼ ਦਾ ਸਭ ਤੋਂ ਲੰਬਾ ਰਾਸ਼ਟਰੀ ਝੰਡਾ ਹੈ। ਇਕ ਅਧਿਕਾਰਤ ਬੁਲਾਰੇ ਨੇ ਇਹ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਪ੍ਰੋਗਰਾਮ 'ਚ ਕਰੀਬ 5 ਹਜ਼ਾਰ ਲੋਕ ਸ਼ਾਮਲ ਹੋਏ ਜ਼ਿਆਦਾਤਰ ਸਰਕਾਰੀ ਮੁਲਾਜਮ ਸਨ।ਜੰਮੂ ਕਸ਼ਮੀਰ ਦੇ ਉੱਪ ਰਾਜਪਾਲ ਮਨੋਜ ਸਿਨਹਾ ਨੇ ਕਿਹਾ ਕਿ ਇੰਨੇ ਵਿਸ਼ਾਲ ਤਿਰੰਗੇ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਇਤਿਹਾਸ 'ਚ ਇਕ ਸ਼ਾਨਦਾਰ ਅਧਿਆਏ ਜੋੜ ਦਿੱਤਾ ਹੈ। ਅਧਿਕਾਰਤ ਬੁਲਾਰੇ ਨੇ ਕਿਹਾ ਕਿ ਆਜ਼ਾਦੀ ਦੇ ਅੰਮ੍ਰਿਤ ਮਹਾਉਤਸਵ ਦੇ ਅਧੀਨ ਹਰ ਘਰ ਤਿਰੰਗਾ ਮੁਹਿੰਮ ਦੇ ਅਧੀਨ ਇੱਥੇ ਬਖਸ਼ੀ ਸਟੇਡੀਅਮ 'ਚ ਇਹ ਤਿਰੰਗਾ ਪ੍ਰਦਰਸ਼ਿਤ ਕੀਤਾ ਗਿਆ।ਸਮਾਰੋਹ ਦੀ ਪ੍ਰਧਾਨਗੀ ਮੁੱਖ ਸਕੱਤਰ ਅਰੁਣ ਕੁਮਾਰ ਮੇਹਤਾ ਨੇ ਕੀਤੀ।ਮੁੱਖ ਉਨ੍ਹਾਂ ਕਿਹਾ ਕਿ ਇਹ ਨਾਗਰਿਕਾਂ 'ਚ ਰਾਸ਼ਟਰਵਾਦ, ਬਲੀਦਾਨ ਅਤੇ ਭਾਈਚਾਰੇ ਦੀ ਭਾਵਨਾ ਲਿਆਏਗਾ।ਬੁਲਾਰੇ ਨੇ ਦੱਸਿਆ ਕਿ ਇਸ ਝੰਡੇ ਨੂੰ ਤਿਆਰ ਕਰਨ 'ਚ 10 ਦਿਨ ਦਾ ਸਮਾਂ ਲੱਗਾ।ਦੂਸਰੇ ਪਾਸੇ ਜਿਸ ਸਟੇਡੀਅਮ ਵਿੱਚ ਝੰਡਾ ਫੈਲਾਇਆ ਗਿਆ ਉਥੇ ਕੋਈ ਵੀ ਦਰਸ਼ਕ ਨਹੀਂ ਸੀ।

## ਬਿਲਕਿਸ ਬਾਨੋ ਗੈਂਗਰੇਪ ਦੇ ਦੋਸ਼ੀ ਛੱਡਣ 'ਤੇ ਪਰਿਵਾਰ ਹੈਰਾਨ



ਅਹਿਮਦਾਬਾਦ:ਬਿਲਕਿਸ ਬਾਨੋ ਦਾ ਪਰਵਾਰ 2002 ਦੇ ਗੁਜਰਾਤ ਦੰਗਿਆਂ ਦੌਰਾਨ ਬਿਲਕਿਸ ਬਾਨੋ ਦੇ ਸਮੂਹਿਕ ਬਲਾਤਕਾਰ ਤੇ ਉਸ ਦੇ ਪਰਵਾਰ ਦੇ 7 ਮੈਂਬਰਾਂ ਦੀ ਹੱਤਿਆ ਲਈ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਾਰੇ 11 ਦੋਸ਼ੀਆਂ ਦੀ ਰਿਹਾਈ ਦੀ ਖਬਰ 'ਤੇ ਹੈਰਾਨ ਹੈ। ਬਿਲਕਿਸ ਬਾਨੋ ਦੇ ਪਤੀ ਯਾਕੂਬ ਰਸੂਲ ਨੇ ਕਿਹਾ ਕਿ ਉਹ ਸਾਰੇ 11 ਦੋਸ਼ੀਆਂ ਦੀ ਰਿਹਾਈ ਦੀ ਖਬਰ ਤੋਂ ਹੈਰਾਨ ਹੈ, ਪਰ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦਾ।ਉਸ ਨੇ ਕਿਹਾ ਕਿ ਘਟਨਾ ਤੋਂ 20 ਸਾਲ ਬਾਅਦ ਵੀ ਉਸ ਕੋਲ, ਉਸ ਦੀ ਪਤਨੀ ਅਤੇ ਪੰਜ ਪੁੱਤਰਾਂ ਕੋਲ ਰਹਿਣ ਲਈ ਕੋਈ ਥਾਂ ਨਹੀਂ ਹੈ।

ਉਮਰ ਕੈਦ ਦੀ ਸਜ਼ਾ ਕੱਟ ਰਹੇ 11 ਦੋਸ਼ੀਆਂ ਨੂੰ ਸੋਮਵਾਰ ਗੋਧਰਾ ਸਬ-ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਗਿਆ। ਗੁਜਰਾਤ ਸਰਕਾਰ ਨੇ ਆਪਣੀ ਮੁਆਫੀ ਨੀਤੀ ਤਹਿਤ ਇਨ੍ਹਾਂ ਦੀ ਰਿਹਾਈ ਨੂੰ ਮਨਜ਼ੂਰੀ ਦਿੱਤੀ।ਮੁੰਬਈ ਦੀ ਸਪੈਸ਼ਲ ਸੀ ਬੀ ਆਈ ਅਦਾਲਤ ਨੇ 21 ਜਨਵਰੀ 2008 ਨੂੰ ਬਿਲਕਿਸ ਬਾਨੋ ਨਾਲ ਸਮੂਹਿਕ ਬਲਾਤਕਾਰ ਅਤੇ ਉਸ ਦੇ ਪਰਵਾਰ ਦੇ 7 ਮੈਂਬਰਾਂ ਦੀ ਹੱਤਿਆ ਦੇ ਮਾਮਲੇ ਵਿਚ 11 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।ਸਜ਼ਾ ਨੂੰ ਬਾਅਦ ਵਿਚ ਬੰਬੇ ਹਾਈ ਕੋਰਟ ਨੇ ਬਰਕਰਾਰ ਰੱਖਿਆ ਸੀ। ਕਾਂਗਰਸ ਦੇ ਬੁਲਾਰੇ ਪਵਨ ਖੇੜਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਜ਼ਾਦੀ ਦਿਵਸ ਦੀ ਤਕਰੀਰ ਵਿਚ ਮਹਿਲਾਵਾਂ ਦੇ ਭਲੇ ਦੀ ਗੱਲ ਕਰਨ ਤੋਂ ਛੇਤੀ ਬਾਅਦ ਗੁਜਰਾਤ ਸਰਕਾਰ ਨੇ ਬਿਲਕਿਸ ਬਾਨੋ ਕੇਸ ਦੇ 11 ਕੈਦੀ ਛੱਡ ਦਿੱਤੇ। ਉਨ੍ਹਾ ਗੁਜਰਾਤ ਸਰਕਾਰ ਦੇ ਹੁਕਮ ਨੂੰ ਬੇਮਿਸਾਲ ਦੱਸਦਿਆਂ ਕਿਹਾਤੁਸੀਂ ਇਹ ਕਹਿ ਕੇ ਕੈਦੀ ਛੱਡ ਦਿੱਤੇ ਕਿ ਉਨ੍ਹਾਂ ਜੇਲ੍ਹ ਵਿਚ 14 ਸਾਲ ਗੁਜ਼ਾਰ ਲਏ ਹਨ। ਉਨ੍ਹਾਂ ਦਾ ਜੇਲ੍ਹ ਵਿਚ ਵਿਹਾਰ ਚੰਗਾ ਸੀ, ਪਰ ਕੀ ਗੈਂਗਰੇਪ ਅਜਿਹਾ ਘਿਨਾਉਣਾ ਜੁਰਮ ਨਹੀਂ, ਜਿਸ ਦੀ ਜਿੰਨੀ ਵੀ ਸਜ਼ਾ ਦਿੱਤੀ ਜਾਵੇ ਘੱਟ ਹੁੰਦੀ ਹੈ।ਅਸੀਂ ਦੇਖਿਆ ਹੈ ਕਿ ਜਿਨ੍ਹਾਂ ਨੂੰ ਛੱਡਿਆ ਗਿਆ, ਉਨ੍ਹਾਂ ਦਾ ਮਾਣ-ਤਾਣ ਕੀਤਾ ਗਿਆ। ਕੀ ਇਹੀ ਅੰਮ੍ਰਿਤ ਮਹੋਤਸਵ ਹੈ?


LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ

ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3


## ਇੰਗਲੈਂਡ ਦੇ ਸਿੱਖਾਂ ਤੇ ਕਸ਼ਮੀਰੀਆਂ ਵੱਲੋਂ ਆਜ਼ਾਦੀ ਦਿਹਾੜੇ 'ਤੇ ਲੰਡਨ 'ਚ ਭਾਰਤੀ ਦੂਤਘਰ ਸਾਹਮਣੇ ਰੋਸ ਮੁਜ਼ਾਹਰਾ



ਲੰਡਨ(ਸਰਬਜੀਤ ਸਿੰਘ ਬਨੂੜ):ਇੰਗਲੈਂਡ ਦੇ ਸਿੱਖਾਂ ਤੇ ਕਸ਼ਮੀਰੀਆਂ ਨੇ ਭਾਰਤ ਦੀ 75ਵੇਂ ਆਜ਼ਾਦੀ ਦਿਹਾੜੇ ਨੂੰ ਕਾਲੇ ਦਿਨ ਦੇ ਤੌਰ 'ਤੇ ਮਨਾਉਂਦਿਆਂ ਲੰਡਨ ਦੇ ਭਾਰਤੀ ਦੂਤਘਰ ਨੇੜੇ ਭਾਰੀ ਰੋਸ ਮੁਜ਼ਾਹਰਾ ਕੀਤਾ। ਰੋਸ ਮੁਜ਼ਾਹਰੇ 'ਚ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਸਿੱਖ ਤੇ ਕਸ਼ਮੀਰੀ ਭਾਈਚਾਰੇ ਦੇ ਲੋਕ ਸ਼ਾਮਲ ਹੋਏ ਸਨ।ਇਸ ਮੌਕੇ ਭਾਰਤ ਵਿਰੋਧੀ ਨਾਅਰੇ ਅਤੇ ਪੰਜਾਬ ਦੀ ਆਜ਼ਾਦੀ ਖਾਲਿਸਤਾਨ ਅਤੇ ਕਸ਼ਮੀਰ ਦੀ ਆਜ਼ਾਦੀ ਦੇ ਹੱਕ ਵਿੱਚ ਨਾਅਰੇ ਲਾਏ ਗਏ। ਰੋਸ ਮੁਜ਼ਾਹਰੇ ਵਿੱਚ ਵੱਖ-ਵੱਖ ਬੁਲਾਰਿਆਂ ਨੇ ਬੋਲਦਿਆਂ ਮੋਦੀ ਸਰਕਾਰ ਦੇ ਖ਼ਿਲਾਫ਼ ਜੰਮ ਕੇ ਭੜਾਸ ਕੱਢੀ ਤੇ ਕਿਹਾ ਕਿ ਭਾਰਤ ਸਰਕਾਰ ਘੱਟ ਗਿਣਤੀਆਂ ਨੂੰ ਦਬਾਉਣ ਲਈ ਕਾਲੇ ਕਾਨੂੰਨ ਲਿਆ ਰਹੀ ਹੈ ਤੇ ਜ਼ੁਲਮ ਕਰ ਰਹੀ ਹੈ। ਉਨ੍ਹਾਂ ਪੰਜਾਬ ਦੀ ਆਜ਼ਾਦੀ ਲਈ ਸੰਘਰਸ਼ ਜਾਰੀ ਰੱਖਣ ਦਾ ਵੀ ਐਲਾਨ ਕੀਤਾ।ਆਗੂਆਂ ਦਾ ਮੰਨਣਾ ਹੈ ਕਿ ਭਾਰਤ ਅੰਦਰ ਨਾ ਸਿਰਫ ਵਸਦੇ ਸਿੱਖ ਬਲਕਿ ਕਸ਼ਮੀਰੀ, ਮੁਸਲਮਾਨ ਅਤੇ ਦਲਿਤ ਵੀ ਭਾਰਤ ਸਰਕਾਰ ਦੀਆਂ ਹਿੰਦੂਵਾਦੀ ਨੀਤੀਆਂ ਤੋਂ ਤੰਗ ਹਨ। ਇਸ ਮੌਕੇ ਕਸ਼ਮੀਰੀ ਆਗੂਆਂ ਨੇ ਭਾਰਤ ਵੱਲੋਂ ਧਾਰਾ 370 ਖਤਮ ਕਰਨ ਦੀ ਨਿਖੇਧੀ ਕੀਤੀ। ਉਨ੍ਹਾਂ ਵੱਲੋਂ ਸਿੱਖਾਂ ਨਾਲ ਮਿਲ ਕੇ ਸੰਘਰਸ਼ ਕਰਨ ਦੀ ਹਾਮੀ ਭਰੀ ਗਈ।ਰੋਸ ਮੁਜ਼ਾਹਰੇ ਦੌਰਾਨ ਸਾਰਾ ਸਮਾਂ ਖਾਲਿਸਤਾਨ ਪੱਖੀ ਤੇ ਸਿੱਖ ਸ਼ਹੀਦਾਂ ਬਾਰੇ ਨਾਅਰੇ ਲਗਾਤਾਰ ਗੂੰਜਦੇ ਰਹੇ।ਭਾਰਤੀ ਦੂਤਘਰ ਲੰਡਨ ਦੇ ਸਾਹਮਣੇ ਵੱਡੀ ਗਿਣਤੀ ਵਿੱਚ ਖਾਲਿਸਤਾਨੀ ਝੰਡੇ ਲਹਿਰਾਏ ਗਏ।ਇਸ ਮੌਕੇ ਕੁਲਦੀਪ ਸਿੰਘ ਚੇਹੜੂ, ਫੈਡਰੇਸ਼ਨ ਆਗੂ ਭਾਈ ਕੁਲਵੰਤ ਸਿੰਘ ਮੁਠੱਡਾ, ਗੁਰਚਰਨ ਸਿੰਘ ਸਾਊਥਾਲ, ਜਸਪਾਲ ਸਿੰਘ, ਸਰਬਜੀਤ ਸਿੰਘ ਬਰਮਿੰਘਮ, ਬਲਵਿੰਦਰ ਸਿੰਘ ਢਿੱਲੋਂ, ਮਨਪ੍ਰੀਤ ਸਿੰਘ, ਜੋਗਾ ਸਿੰਘ, ਲਵਸਿੰਦਰ ਸਿੰਘ ਡੱਲੇਵਾਲ, ਅਮਰੀਕ ਸਿੰਘ ਸਹੋਤਾ, ਤਰਸੇਮ ਸਿੰਘ ਦਿਓਲ, ਗੁਰਦੇਵ ਸਿੰਘ ਚੌਹਾਨ ਤੇ ਹੋਰ ਬਹੁਤ ਸਾਰੇ ਸਿੱਖ ਆਗੂ ਪਹੁੰਚੇ ਹੋਏ ਸਨ।

## ਕਿਸਾਨ ਅੰਦੋਲਨ 'ਚ ਜਾ ਕੇ ਕੁਝ ਗਲਤ ਨਹੀਂ ਕੀਤਾ:ਲਾਲਜੀਤ ਭੁੱਲਰ

ਚੰਡੀਗੜ੍ਹ:ਲਾਲ ਕਿਲ੍ਹੇ 'ਤੇ ਹਿੰਸਾ ਦੌਰਾਨ ਵੀਡੀਓ 'ਚ ਨਜ਼ਰ ਆਏ ਮੰਤਰੀ ਲਾਲਜੀਤ ਭੁੱਲਰ ਨੇ ਚੁੱਪੀ ਤੋੜੀ ਹੈ।ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਵਿੱਚ ਟਰਾਂਸਪੋਰਟ ਮੰਤਰੀ ਭੁੱਲਰ ਨੇ ਕਿਹਾ ਕਿ ਮੈਂ ਵੀ ਇੱਕ ਕਿਸਾਨ ਦਾ ਪੁੱਤਰ ਹਾਂ।ਕਿਸਾਨ ਅੰਦੋਲਨ ਦੌਰਾਨ ਪੰਜਾਬ ਦਾ ਹਰ ਕਿਸਾਨ ਅਤੇ ਉਸ ਦਾ ਪੁੱਤਰ ਦਿੱਲੀ ਗਏ ਸੀ।ਮੈਂ ਕੁਝ ਗਲਤ ਨਹੀਂ ਕੀਤਾ।ਅਸਲ ਵਿੱਚ ਲਾਲਜੀਤ ਭੁੱਲਰ ਦੀ ਇੱਕ ਵੀਡੀਓ ਸਾਹਮਣੇ ਆਈ ਸੀ। ਜਿਸ ਵਿੱਚ ਉਹ ਲਾਲ ਕਿਲੇ ਦੀ ਹਿੰਸਾ ਦੌਰਾਨ ਦੀਪ ਸਿੱਧੂ ਨਾਲ ਨਜ਼ਰ ਆਏ ਸਨ। ਇਹ ਵੀਡੀਓ ਦੀਪ ਸਿੱਧੂ ਨੇ ਹੀ ਬਣਾਈ ਹੈ। ਜਿਸ ਤੋਂ ਬਾਅਦ ਵਿਰੋਧੀਆਂ ਨੇ ਸਵਾਲ ਪੁੱਛਿਆ ਸੀ ਕਿ ਜੇਕਰ ਤੁਸੀਂ ਦੀਪ ਸਿੱਧੂ ਨੂੰ ਦੇਸ਼ ਵਿਰੋਧੀ ਕਹਿੰਦੇ ਹੋ ਤਾਂ ਤੁਸੀਂ ਆਪਣੇ ਮੰਤਰੀ ਨੂੰ ਕੀ ਕਹੋਗੇ।


AMAYA LIVING



60 LUXURIOUS CONDOS

• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM

• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories **WARRANTY • 2-5-10 year**

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

# ਸੁਪਨਿਆਂ ਤੇ ਹਮਲਾ:ਕੀ ਭਾਰਤ ‘ਚ ਈਸਾਈਆਂ ਤੇ ਮੁਸਲਮਾਨਾਂ ਤੋਂ ਵੋਟ ਦਾ ਅਧਿਕਾਰ ਖੋਹ ਲਿਆ ਜਾਵੇਗਾ?

ਨਵੀਂ ਦਿੱਲੀ-ਭਾਰਤ ਦਾ ਲੋਕਤੰਤਰ ਦਬਾਅ ਹੇਠ ਹੈ ਜਿਵੇਂ ਕਿ ਪਹਿਲਾਂ ਕਦੇ ਨਹੀਂ ਸੀ ! ਕਿਉਂਕਿ ‘ਹਿੰਦੂ ਰਾਸ਼ਟਰ’ ਦੇ ਸੁਪਨੇ ਇਸ ਦੀਆਂ ਘੱਟ ਗਿਣਤੀਆਂ ਨੂੰ ਬੇਚੈਨ ਕਰ ਰਹੇ ਹਨ।ਭਾਰਤ ਦੇ ਮੁਸਲਮਾਨਾਂ ਨੂੰ ਸਰਕਾਰੀ ਅਤੇ ਨਿੱਜੀ ਸੰਸਥਾਵਾਂ ਦੁਆਰਾ ਸਪੱਸ਼ਟ ਅਤੇ ਸੂਖਮ ਵਿਤਕਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇੱਕ ਪਾਸੇ ਭਾਰਤ ਆਜ਼ਾਦੀ ਦੇ 75 ਸਾਲਾਂ ਦਾ ਜਸ਼ਨ ਮਨਾ ਰਿਹਾ ਹੈ, ਦੇਸ਼ ਦੇ ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਦਾ ਕਹਿਣਾ ਹੈ ਕਿ ਉਹ ਆਪਣੇ ਆਪ ਨੂੰ ਘੇਰਾਬੰਦੀ ਦੀ ਸਥਿਤੀ ਵਿੱਚ ਪਾਉਂਦੇ ਹਨ।2014 ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਦੇਸ਼ ਤੇ ਰਾਜ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਸੱਜੇ ਪਾਸੇ ਵੱਲ ਝੁਕਿਆ ਹੋਇਆ ਹੈ।

ਹਿੰਦੂ ਬਹੁਗਿਣਤੀਵਾਦੀਆਂ ਦੇ ਏਜੰਡੇ ਨੇ ਮੁਸਲਮਾਨਾਂ ਦੀ ਚਿੰਤਾ ਵਧਾ ਦਿੱਤੀ ਹੈ। ਪਿਛਲੇ ਹਫ਼ਤੇ, ਮੋਦੀ ਦੇ ਚੋਣ ਹਲਕੇ ਵਾਰਾਣਸੀ ਵਿੱਚ, ਸੱਜੇ-ਪੱਖੀ ਹਿੰਦੂ ਸੰਗਠਨਾਂ ਨੇ “ਹਿੰਦੂ ਰਾਸ਼ਟਰ” ਨਾਮ ਦਾ 32 ਪੰਨਿਆਂ ਦਾ ਖਰੜਾ ਸੰਵਿਧਾਨ ਜਾਰੀ ਕੀਤਾ। ਜਿਸਦਾ ਉਦੇਸ਼ ਮੁਸਲਮਾਨਾਂ ਅਤੇ ਈਸਾਈਆਂ ਨੂੰ ਵੋਟ ਦੇ ਅਧਿਕਾਰ ਤੋਂ ਇਨਕਾਰ ਕਰਨਾ ਹੈ।ਖਾਲਿਕ ਖਾਨ ਨੇ ਦੱਸਿਆ ਕਿ ਜਿਸ “ਹਿੰਦੂ ਰਾਸ਼ਟਰ” ਦੀ ਗੱਲ ਕੀਤੀ ਜਾ ਰਹੀ ਹੈ, ਉਹ ਸਿਰਫ ਬੇਇਨਸਾਫ਼ੀ ਅਤੇ ਅੱਤਿਆਚਾਰਾਂ ‘ਤੇ ਅਧਾਰਤ ਹੋ ਸਕਦਾ ਹੈ ਅਤੇ ਗੈਰ-ਹਿੰਦੂਆਂ, ਖਾਸ ਕਰਕੇ ਮੁਸਲਮਾਨਾਂ ਦੀ ਨਸਲਕੁਸ਼ੀ ਹੋਵੇਗੀ।

# ਭਾਰਤ ਨੇ ਦੁਨੀਆ ਨੂੰ ਲੋਕਤੰਤਰ ਦੀ ਅਸਲ ਸਮਰਥਾ ਦਿਖਾਈ:ਮੁਰਮੂ

ਨਵੀਂ ਦਿੱਲੀ:-ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕਿਹਾ ਕਿ ਭਾਰਤ ਨੇ ਦੁਨੀਆ ਨੂੰ ਲੋਕਤੰਤਰ ਦੀ ਅਸਲ ਸਮਰੱਥਾ ਦਾ ਪਤਾ ਲਾਉਣ ਵਿਚ ਮਦਦ ਕੀਤੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਅੱਜ ਸੰਵੇਦਨਸ਼ੀਲਤਾ ਤੇ ਦਿਆਲਤਾ ਦੀਆਂ ਕਦਰਾਂ-ਕੀਮਤਾਂ ਨੂੰ ਅਹਿਮੀਅਤ ਦਿੱਤੀ ਜਾ ਰਹੀ ਹੈ ਤੇ ਇਨ੍ਹਾਂ ਦਾ ਮੁੱਖ ਮੰਤਵ ਪੱਛੜਿਆਂ, ਜ਼ਰੂਰਤਮੰਦਾਂ ਤੇ ਸਮਾਜ ਦੇ ਹਾਸ਼ੀਏ ’ਤੇ ਰਹਿਣ ਵਾਲੇ ਲੋਕਾਂ ਦੀ ਭਲਾਈ ਲਈ ਕੰਮ ਕਰਨਾ ਹੈ। ਮੁਰਮੂ ਨੇ 76ਵੇਂ ਆਜ਼ਾਦੀ ਦਿਹਾੜੇ ਦੀ ਪੂਰਵ ਸੰਧਿਆ ਮੌਕੇ ਰਾਸ਼ਟਰ ਦੇ ਨਾਂ ਆਪਣੇ ਪਹਿਲੇ ਸੰਬੋਧਨ ਵਿਚ ਕਿਹਾ ਕਿ ਮਹੱਤਵਪੂਰਨ ਆਰਥਿਕ ਸੁਧਾਰਾਂ ਦੇ ਨਾਲ ਲੋਕਾਂ ਦੀ ਭਲਾਈ ਲਈ ਕਈ ਕਦਮ ਚੁੱਕੇ ਜਾ ਰਹੇ ਹਨ ਤੇ ਦੁਨੀਆ ਨੇ ਹਾਲ ਦੇ ਸਾਲਾਂ ਵਿਚ ਨਵੇਂ ਭਾਰਤ ਨੂੰ ਵਿਕਸਿਤ ਹੁੰਦਿਆਂ ਦੇਖਿਆ ਹੈ, ਖਾਸ ਕਰ ਕੇ ਕੋਵਿਡ-19 ਮਹਾਮਾਰੀ ਤੋਂ ਬਾਅਦ ਭਾਰਤ ਤੇਜ਼ੀ ਨਾਲ ਉੱਭਰਿਆ ਹੈ। ਰਾਸ਼ਟਰਪਤੀ ਨੇ ਕਿਹਾ ਕਿ ਜਦ ਭਾਰਤ ਨੂੰ ਆਜ਼ਾਦੀ ਮਿਲੀ, ਤਾਂ ਦੁਨੀਆ ਦੇ ਕਈ ਨੇਤਾ ਤੇ ਮਾਹਿਰ ਸਨ ਜਿਨ੍ਹਾਂ ਉਸ ਵੇਲੇ ਗਰੀਬੀ ਤੇ ਅਨਪੜ੍ਹਤਾ ਕਾਰਨ ਭਾਰਤ ਵਿਚ ਸਰਕਾਰ ਦੇ ਲੋਕਤੰਤਰਿਕ ਸਰੂਪ ਦੀ ਸਫ਼ਲਤਾ ਉਤੇ ਖ਼ਦਸ਼ੇ ਜ਼ਾਹਿਰ ਕੀਤੇ ਸਨ। ਉਨ੍ਹਾਂ ਕਿਹਾ ਕਿ ਭਾਰਤ ਨੇ ਸ਼ੱਕ ਜ਼ਾਹਿਰ ਕਰਨ ਵਾਲੇ ਲੋਕਾਂ ਨੂੰ ਗਲਤ ਸਾਬਿਤ ਕੀਤਾ। ਭਾਰਤ ਦੀ ਮਿੱਟੀ ਵਿਚ ਨਾ ਸਿਰਫ਼ ਲੋਕਤੰਤਰ ਦੀਆਂ ਜੜ੍ਹਾਂ ਵਧੀਆਂ, ਬਲਕਿ ਇਹ ਮਜ਼ਬੂਤ ਵੀ ਹੋਇਆ। ਉਨ੍ਹਾਂ ਕਿਹਾ ਕਿ ਸਾਡੇ ਕੋਲ ਜੋ ਕੁਝ ਵੀ ਹੈ ਸਭ ਮਾਤ ਭੂਮੀ ਦਾ ਦਿੱਤਾ ਹੋਇਆ ਹੈ। ਇਸ ਲਈ ਸਾਨੂੰ ਦੇਸ਼ ਦੀ ਸੁਰੱਖਿਆ, ਤਰੱਕੀ ਤੇ ਖ਼ੁਸ਼ਹਾਲੀ ਲਈ ਆਪਣਾ ਸਭ ਕੁਝ ਸਮਰਪਿਤ ਕਰਨ ਦਾ ਅਹਿਦ ਲੈਣਾ ਚਾਹੀਦਾ ਹੈ।

# ਦਲਿਤ ਬੱਚੇ ਦੀ ਮੌਤ:50 ਲੱਖ ‘ਚ ਸਮਝੌਤਾ

ਰਾਜਸਥਾਨ:- ਜਾਲੌਰ ਜ਼ਿਲੇ ਵਿੱਚ 9 ਸਾਲ ਦੇ ਇੱਕ ਦਲਿਤ ਬੱਚੇ ਦੀ ਮੌਤ ਤੋਂ ਬਾਅਦ ਪਰਿਵਾਰ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ।ਪ੍ਰਸ਼ਾਸਨ ਦੇ ਨਾਲ ਮ੍ਰਿਤਕ ਵਿਦਿਆਰਥੀ ਦੇ ਪਰਿਵਾਰ ਦਾ ਸਮਝੌਤਾ ਹੋ ਗਿਆ ਹੈ। ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਪੰਜਾਹ ਲੱਖ ਮੁਆਵਜ਼ੇ ਤੋਂ ਬਾਅਦ ਸਹਿਮਤੀ ਬਣੀ ਹੈ।ਇਸ ਨਾਲ ਸਰਕਾਰ ਵੱਲੋਂ ਆਖਿਆ ਗਿਆ ਹੈ ਕਿ ਮ੍ਰਿਤਕ ਵਿਦਿਆਰਥੀ ਦੇ ਸਕੂਲ ਦੀ ਮਾਨਤਾ ਰੱਦ ਕੀਤੀ ਜਾਵੇਗੀ।ਇਸ ਤੋਂ ਬਾਅਦ ਮ੍ਰਿਤਕ ਵਿਦਿਆਰਥੀ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ ਹੈ। ਐਤਵਾਰ ਬਾਅਦ ਦੁਪਹਿਰ ਮ੍ਰਿਤਕ ਦੇਹ ਪਿੰਡ ਪਹੁੰਚੀ ਸੀ।ਦਰਅਸਲ ਇਲਜ਼ਾਮ ਹਨ ਕਿ ਦਲਿਤ ਬੱਚੇ ਇੰਦਰ ਕੁਮਾਰ ਮੇਘਵਾਲ ਦੀ ਮੌਤ ਇੱਕ ਨਿੱਜੀ ਸਕੂਲ ਦੇ ਅਧਿਆਪਕ ਵੱਲੋਂ ਬੱਚੇ ਨਾਲ ਹੋਈ ਕੁੱਟਮਾਰ ਤੋਂ ਬਾਅਦ ਹੋਈ ਹੈ।ਇਸ ਕੁੱਟਮਾਰ ਦਾ ਕਥਿਤ ਕਾਰਨ ਬੱਚੇ ਵੱਲੋਂ ਅਧਿਆਪਕ ਦੇ ਲਈ ਰੱਖੇ ਗਏ ਘੜੇ ਵਿੱਚੋਂ ਪਾਣੀ ਪੀਣਾ ਦੱਸਿਆ ਗਿਆ ਹੈ।ਬੱਚੇ ਦੀ ਕੁੱਟਮਾਰ ਤੋਂ ਬਾਅਦ ਪਰਿਵਾਰ ਵੱਲੋਂ ਬੱਚੇ ਦਾ ਵੱਖ ਵੱਖ ਹਸਪਤਾਲਾਂ ਵਿੱਚ ਤਕਰੀਬਨ 23 ਦਿਨ ਇਲਾਜ ਕਰਵਾਇਆ ਗਿਆ।ਜਿਸ ਤੋਂ ਬਾਅਦ ਸ਼ਨੀਵਾਰ 13 ਅਗਸਤ ਨੂੰ ਬੱਚੇ ਦੀ ਅਹਿਮਦਾਬਾਦ ਦੇ ਇੱਕ ਹਸਪਤਾਲ ਵਿਚ ਮੌਤ ਹੋ ਗਈ।ਜਿਸ ਅਧਿਆਪਕ ਉੱਪਰ ਇਹ ਇਲਜ਼ਾਮ ਲੱਗੇ ਹਨ, ਉਸ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ।

# ਨੇਪਾਲ ਸਮੇਤ ਭਾਰਤ ਦੇ ਸਾਰੇ ਗੁਆਂਢੀ ਦੇਸ਼ ਚੀਨ ਦੇ ਬਣੇ ਦੋਸਤ

ਬੀਜਿੰਗ-ਚੀਨ ,ਸਪੀਕਰ ਨੈਨਸੀ ਪੇਲੋਸੀ ਦੇ ਦੌਰੇ ਨੂੰ ‘ਵਨ ਚਾਈਨਾ’ ਨੀਤੀ ਦੀ ਉਲੰਘਣਾ ਮੰਨਦਾ ਹੈ।ਨੈਨਸੀ ਪੇਲੋਸੀ ਦੇ ਤਾਇਵਾਨ ਦੌਰੇ ਅਤੇ ਇਸ ਨੂੰ ਲੈ ਕੇ ਪੈਦਾ ਹੋਏ ਵਿਵਾਦ ‘ਤੇ ਭਾਰਤ ਨੇ ਅਜੇ ਤੱਕ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ।ਇਸ ਦੇ ਨਾਲ ਹੀ ਭਾਰਤ ਦੇ ਲਗਭਗ ਸਾਰੇ ਗੁਆਂਢੀ ਦੇਸ਼ਾਂ (ਅਫਗਾਨਿਸਤਾਨ, ਬੰਗਲਾਦੇਸ਼, ਮਾਲਦੀਵ, ਮਿਆਂਮਾਰ, ਨੇਪਾਲ, ਪਾਕਿਸਤਾਨ ਅਤੇ ਸ਼੍ਰੀਲੰਕਾ) ਨੇ ਚੀਨ ਦੀ ‘ਇਕ ਚੀਨ’ ਨੀਤੀ ਦਾ ਸਮਰਥਨ ਕੀਤਾ ਹੈ।ਪਰ ਭਾਰਤ ਦੀ ਚੁੱਪੀ ਤੋਂ ਵੱਧ, ਉਸ ਦੇ ਗੁਆਂਢੀ ਮੁਲਕਾਂ ਦੀ ਖੁੱਲ੍ਹੀ ਹਮਾਇਤ ਚੀਨ ਵੱਲ ਧਿਆਨ ਖਿੱਚਦੀ ਹੈ।ਇਸ ਮਾਮਲੇ ‘ਤੇ ਚਰਚਾ ਇਸ ਲਈ ਵੀ ਹੈ ਕਿਉਂਕਿ ਭਾਰਤ ਜਦੋਂ ਵੀ ਚੀਨ ਦੇ ਸੰਦਰਭ ‘ਚ ਆਪਣੀ ਖੇਤਰੀ ਅਖੰਡਤਾ ਜਾਂ ਪ੍ਰਭੂਸੱਤਾ ਦੀ ਗੱਲ ਕਰਦਾ ਹੈ ਤਾਂ ਉਸ ਦੇ ਗੁਆਂਢੀ ਦੇਸ਼ ਕਦੇ ਵੀ ਇਸ ਤਰ੍ਹਾਂ ਖੁੱਲ੍ਹ ਕੇ ਸਮਰਥਨ ਨਹੀਂ ਕਰਦੇ।


So Easy

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਆਟੋਮੈਟਿਕ ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ










LUCKY'S A to Z DRIVING SCHOOL
Lucky 604-614-5365
Unit 15 - 8388 128 St., Surrey



Open 24 Hours 7 Days a Week

ATLAS
ANIMAL HOSPITAL





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4
www.atlasvetsinvancouver.com

# ਮੇਰੀ ਲਾਸ਼ ਅਤੇ ਆਜ਼ਾਦੀ

15 ਅਗੱਸਤ ਹੈ ਅੱਜ। ਉਹ ਕਹਿੰਦੇ ਚਲ ਜਾਹ ਤੂੰ ਆਜ਼ਾਦ। ਉਨ੍ਹਾਂ ਜਦ ਮੇਰੀਆਂ ਬਾਹਵਾਂ ਖੋਹਲੀਆਂ ਤਾਂ ਮੈਨੂੰ ਜਾਪਿਆ ਮੈਂ ਸੱਚਮੁਚ ਆਜ਼ਾਦ ਹੋ ਗਿਆ ਹਾਂ। ਫਿਰ ਮੈਨੂੰ ਕਹਿੰਦੇ ਤੂੰ ਆਜ਼ਾਦ ਹੈਂ, ਚਲ ਦੌੜ! ਮੈਨੂੰ ਲੱਗਾ ਜਦ ਆਜ਼ਾਦ ਹੀ ਹਾਂ, ਤਾਂ ਦੌੜਨਾ ਤਾਂ ਚਾਹੀਦਾ ਏ। ਪਰ ਜਦ ਮੈਂ ਦੌੜਿਆ ਤਾਂ ਉਨ੍ਹਾਂ ਮੇਰੀ ਪਿੱਠ ਵਿਚ ਗੋਲੀ ਮਾਰ ਦਿੱਤੀ। ਠਾਹ ਦੀ ਭਿਆਨਕ ਆਵਾਜ਼ ਨਾਲ ਰੋਹੀ ਦੀ ਚੁੱਪ ਕੰਬ ਗਈ। ਨਹਿਰ ਦੇ ਸਨਾਟੇ ਵਿੱਚ ਜਿਵੇਂ ਭੁਚਾਲ ਜਿਹਾ ਆ ਗਿਆ। ਰੁੱਖਾਂ ਤੋਂ ਘਬਰਾ ਕੇ ਉੱਡੇ ਪੰਛੀਆਂ ਦੀ ਫੜ-ਫੜਾਹਟ ਨੇ ਸ਼ਾਮ ਦੇ ਘੁੱਸ-ਮੁੱਸੇ ਵਿਚ ਇੱਕ ਭਿਆਨਕਤਾ ਪੈਦਾ ਕਰ ਦਿੱਤੀ। ਮੇਰੀ ਲਾਸ਼ ਹੁਣ ਚੌਫਾਲ ਪਈ ਸੀ। ਸ਼ਾਮ ਦੇ ਮੁਨੇਰੇ ਵਿਚ ਲਾਸ਼ ਵਿਚੋਂ ਚੋਂਦਾ ਲਹੂ ਲਾਲ ਦੀ ਬਜਾਇ ਕਾਲਾ ਕਾਲਾ ਜਿਹਾ ਜਾਪ ਰਿਹਾ ਸੀ। ਜਿਥੇ ਮੇਰੀ ਲਾਸ਼ ਡਿੱਗੀ ਸੀ, ਉਥੇ ਹਾਲੇ ਤਾਜਾ ਹੀ ਖੇਤ ਮੇਰਾ ਬਾਪੂ ਵਾਹ ਕੇ ਗਿਆ ਸੀ। ਅਗਲੇ ਭਲਕ ਉਸ ਕਣਕ ਦਾ ਛੱਟਾ ਦੇਣਾ ਸੀ। ਤਾਜੇ ਵਾਹੇ ਸਿਆੜਾਂ ਵਿਚ ਮੇਰਾ ਲਹੂ ਜੀਰਦਾ ਜਾ ਰਿਹਾ ਸੀ। ਇਥੇ ਮੇਰਾ ਬਾਪੂ ਮੈਨੂੰ ਸੁਹਾਗੇ ਚੜਾ ਝੂਟੇ ਦਿਆ ਕਰਦਾ ਸੀ ਤੇ ਮੇਰੀ ਮਾਂ ਵੱਟ ਦੇ ਬੰਨੇ ਬੈਠੀ ਸਾਨੂੰ ਦੋਵਾਂ ਨੂੰ ਇੰਝ ਦੇਖ ਦੂਣ-ਸਵਾਈ ਹੋ ਹੋ ਜਾਇਆ ਕਰਦੀ ਸੀ ਤੇ ਉਹ ਨਾਲ ਡਰਦੀ ਸੀ ਕਿ ਮੈਂ ਕਿਤੇ ਸੁਹਾਗੇ ਹੇਠ ਨਾ ਆ ਜਾਵਾਂ।

ਅੱਜ ਮੇਰੀ ਲਾਸ਼ ਮੇਰੇ ਹੀ ਖੇਤਾਂ ਵਿਚ ਲਾਵਾਰਸ ਹੋ ਗਈ ਸੀ। ਚੌਫਾਲ ਪਈ ਮੇਰੀ ਲਾਸ਼ ਨੂੰ 'ਆਜ਼ਾਦੀ' ਨੇ ਪੈਰ ਦੇ ਠੁੱਡੇ ਨਾਲ ਸਿੱਧਾ ਕੀਤਾ ਅਤੇ ਖਿੜ-ਖਿੜਾ ਕੇ ਹੱਸੀ।ਸਾਲਾ ਖਾਲਿਸਤਾਨ ਦਾ ! ਸੁੱਟੋ ਇਨ੍ਹੂੰ ਹਰਾਮ ਦੇ ਨੂੰ ਗੱਡੀ ਵਿੱਚ !

'ਆਜ਼ਾਦੀ' ਦੀ ਨਫਰਤ ਮੇਰੀ ਲਾਸ਼ ਨੂੰ ਵੀ ਗਾਹਲਾਂ ਕੱਢ ਰਹੀ ਸੀ। ਉਸ ਨੂੰ ਜਾਪਦਾ ਸੀ ਜਿਵੇਂ ਹਾਲੇ ਵੀ ਮੈਂ ਤੁਰਿਆ ਫਿਰਦਾਂ ਭਗੌੜਾ ਹੋਵਾਂ। ਉਸ ਨੂੰ ਲਾਸ਼ ਅਤੇ ਤੁਰੇ ਫਿਰਦੇ ਮਨੁੱਖ ਦਾ ਫਰਕ ਵੀ ਭੁੱਲ ਗਿਆ।ਜਦ ਲਾਸ਼ ਮੇਰੀ ਉਨੀ ਚੁੱਕੀ, ਤਾਂ ਉਹ ਲਹੂ ਅਤੇ ਮਿੱਟੀ ਨਾਲ ਲੱਥ-ਪੱਥ ਹੋ ਚੁੱਕੀ ਹੋਈ ਸੀ। ਮਿੱਟੀ ਅਤੇ ਲਹੂ ਦੇ ਸੁਮੇਲ ਨੇ ਲਾਸ਼ ਮੇਰੀ ਦੀ ਹਾਲਤ ਬੜੀ ਅਜੀਬ ਕਰ ਦਿੱਤੀ ਸੀ। ਪਰ 'ਆਜ਼ਾਦੀ' ਨੇ ਬੜੀ ਨਫਰਤ ਨਾਲ ਠੁੱਡਾ ਮਾਰ ਕੇ ਮੇਰੀ ਲਾਸ਼ ਦੀ ਮਿੱਟੀ ਝਾੜਨੀ ਚਾਹੀ, ਪਰ ਮੇਰਾ ਲਹੂ ਤੇ ਮੇਰੇ ਖੇਤਾਂ ਦੀ ਮਿੱਟੀ ਇੱਕ ਮਿੱਕ ਹੋ ਚੁੱਕੇ ਸਨ।ਮੇਰੇ ਬਾਪੂ ਦਾ ਪਸੀਨਾ ਅਤੇ ਮੇਰਾ ਲਹੂ ਇਸ ਮਿੱਟੀ ਵਿਚ ਘੁੱਲ ਗਏ ਸਨ। ਕੱਲ ਨੂੰ ਜਦ ਮੇਰਾ ਬਾਪੂ ਹੱਲ ਜੋੜੇਗਾ ਤਾਂ ਉਹ ਅਪਣੇ ਜਵਾਨ ਪੁੱਤਰ ਦਾ ਲਹੂ ਪਛਾਣ ਕੇ ਗਸ਼ ਖਾ ਕੇ ਡਿੱਗ ਪਏਗਾ। ਇਸ ਖੇਤ ਵਿਚੋਂ ਉੱਗੀ ਕਣਕ ਦੀ ਬੁਰਕੀ ਮੇਰੀ ਮਾਂ ਦੇ ਸੰਘ ਹੇਠੋਂ ਕਿੰਝ ਉਤਰੇਗੀ।

ਆਜ਼ਾਦੀ ਹੈ ਨਾ ਅੱਜ। ਚਲੋ ਹੁਣ ਇਹ ਭੁਗਤਣੀ ਤਾਂ ਪਵੇਗੀ ਹੀ ਨਾ। ਉਨੀ ਲਾਸ਼ ਮੇਰੀ ਲਾਵਾਰਸ ਖਾਤੇ ਵਿਚ ਪਾ ਕੇ ਫੂਕਣੀ ਚਾਹੀ, ਪਰ ਸ਼ਹਿਰੀ ਸਿਵਿਆਂ ਵਾਲਿਆਂ ਹੋਰ ਲਾਸ਼ਾਂ ਲੈਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਕੋਲੇ ਤਾਂ ਪਹਿਲਾਂ ਹੀ ਲਾਸ਼ਾਂ ਦੀ ਵੇਟਿੰਗ ਲਿਸਟ ਸੀ। ਤੇ ਸੱਚ ਮੁੱਚ ਜਦ ਲਾਸ਼ ਮੇਰੀ ਨੇ ਦੇਖਿਆ ਤਾਂ ਉਥੇ ਪਹਿਲੀਆਂ ਲਾਸ਼ਾਂ ਦੇ ਹੀ ਢੇਰ ਲੱਗੇ ਹੋਏ ਸਨ। ਮੇਰੀ ਲਾਸ਼ ਨੇ ਹੌਸਲਾ ਜਿਹਾ ਕਰਕੇ ਇੱਕ ਹੋਰ ਲਾਸ਼ ਨੂੰ ਪੁੱਛ ਹੀ ਲਿਆ ਤਾਂ ਉਸ ਗਲ-ਸੜ ਚੁੱਕੀ ਲਾਸ਼ ਨੇ ਮੇਰੀ ਲਾਸ਼ ਨੂੰ ਦੱਸਿਆ ਕਿ ਉਹ ਤਾਂ ਕਈ ਦਿਨ ਦੀ ਇਥੇ ਰੁਲ ਰਹੀ ਹੈ, ਇਨ੍ਹਾਂ ਕੋਲੇ ਬਾਲਣ ਨਹੀਂ ਪੂਰਾ ਫਟ ਰਿਹਾ। ਆਹ ਦੇਖ ਮੇਰੀ ਹਾਲਤ। ਉਹ ਲਾਸ਼ ਭੁੱਬਾਂ ਮਾਰ ਕੇ ਰੋ ਪਈ। ਉਸ ਨੂੰ ਵੀ ਉਸ ਦੇ ਹੀ ਖੇਤਾਂ ਵਿਚ ਲਵਾਰਸ ਕਰ ਦਿੱਤਾ ਗਿਆ ਸੀ ਪਰ ਹੁਣ ਘੱਟੋ ਘੱਟ ਉਸ ਨੂੰ ਫੂਕ ਤਾਂ ਆਦਰ ਨਾਲ ਦਿੰਦੇ।ਗਰਮੀ ਸੀ। ਮੇਰੀ ਲਾਸ਼ ਵੀ ਤਰਕਣ ਲੱਗ ਪਈ ਸੀ। ਉਸ ਵਿਚੋਂ ਵੀ ਬੁਦਬੂ ਪੈਦਾ ਹੋਣ ਲੱਗ ਪਈ ਸੀ। 'ਆਜ਼ਾਦੀ' ਨੂੰ ਫਿਕਰ ਹੋਇਆ। ਸਿਵਿਆਂ ਵਾਲਿਆਂ ਵੀ ਤਰਲਾ ਕੀਤਾ ਕਿ ਜੇ ਕੁਝ ਇਥੇ ਪਈਆਂ ਲਾਸ਼ਾਂ ਵੀ ਬੰਨੇ ਲਾ ਸਕਦੇ ਹੋਵੋਂ। ਉਨ੍ਹਾਂ ਕੀ ਕੀਤਾ ਕਿ ਟਰੱਕ ਲਾਸ਼ਾਂ ਦਾ ਭਰਿਆ ਅਤੇ ਬਿਆਸਾ ਵਲ ਹੋ ਤੁਰੇ! ਅਸੀਂ ਕੋਈ 50 ਗਲੀਆਂ-ਸੜੀਆਂ ਲਾਸ਼ਾਂ ਇੱਕੇ ਟਰੱਕ ਵਿਚ ਇੰਝ ਸਾਂ ਕਿ ਕੂੜੇ ਦਾ ਢੇਰ ਲੱਦਿਆ ਹੋਵੇ।

'ਆਜ਼ਾਦੀ' ਨੇ ਧੂਹ ਧੂਹ ਸਾਨੂੰ ਟਰੱਕ ਵਿਚੋਂ ਲਾਹਿਆ ਅਤੇ ਵਗਦੇ ਦਰਿਆ ਵਿਚ ਸੁੱਟ ਦਿੱਤਾ। ਸਾਨੂੰ ਸਭ ਲਾਸ਼ਾਂ ਨੂੰ ਜਾਪਿਆ ਕਿ ਚਲੋ ਹੁਣ ਘੱਟੋ-ਘੱਟ 'ਆਜ਼ਾਦੀ' ਤੋਂ ਖਲਾਸੀ ਤਾਂ ਹੋਵੇਗੀ। ਗਲਨ-ਸੜਨ ਨਾਲੋਂ ਤਾਂ ਚੰਗਾ ਹੈ ਕਿਸੇ ਪਾਸੇ ਲੱਗਾਂਗੇ। ਕਿਸੇ ਮੱਛੀ ਦਾ ਕਿਸੇ ਜੀਵ ਜੰਤੂ ਦਾ ਭੋਜਨ ਬਣਾਗੇ। ਗੱਲ ਖਤਮ ਹੋਵੇਗੀ।

ਪਰ ਸਾਡੀ ਹੈਰਾਨੀ ਦੀ ਹੱਦ ਨਾ ਰਹੀ ਜਦ ਦਰਿਆ ਵਿਚ ਵੀ ਲਾਸ਼ਾਂ ਦੀ ਵੇਟਿੰਗ ਲਿਸਟ ਸੀ। ਉਥੇ ਤਾਂ ਪਹਿਲਾਂ ਹੀ ਕਈ ਟਰੱਕ ਸੁੱਟੇ ਜਾ ਚੁੱਕੇ ਸਨ। ਮੱਛੀਆਂ ਵੀ ਦੌੜ ਚੁੱਕੀਆਂ ਸਨ। ਉਨ੍ਹਾਂ ਨੂੰ ਸਾਡੀਆਂ ਲਾਸ਼ਾਂ ਤੋਂ ਨਫਰਤ ਹੋ ਗਈ ਹੋਈ ਸੀ। ਆਖਰ ਉਨ੍ਹਾਂ ਦੇ ਵੀ ਢਿੱਡ ਸਨ। ਦੂਜਾ ਉਨ੍ਹਾਂ ਲਈ ਜਗ੍ਹਾਂ ਹੀ ਕਿਥੇ ਛੱਡੀ ਸੀ। ਥਾਂ ਤਾਂ ਸਭ ਲਾਸ਼ਾਂ ਘੇਰ ਲਈ ਸੀ।ਪਰ ਬੇਕਿਰਕ 'ਆਜ਼ਾਦੀ' ਨੇ ਸਾਡੀਆਂ ਲਾਸ਼ਾਂ ਵਾਲਾ ਟਰੱਕ ਵੀ ਦਰਿਆ ਵਿਚ ਉਲੱਦ ਦਿੱਤਾ ਅਤੇ ਉਥੋਂ ਪਾਣੀ ਵਿਚੋਂ ਮਾਰਦੀ ਬੁਦਬੂ ਕਾਰਨ ਦੌੜ ਪਈ! ਉਹ ਖੁਸ਼ ਸੀ! ਉਹ ਗਿਣਤੀ ਕਰਦੀ ਜਾ ਰਹੀ ਸੀ ਲਾਸ਼ਾਂ ਦੀਆਂ। ਜਿੰਨੀਆਂ ਲਾਸ਼ਾਂ ਉਨੇ ਮੈਡਲ! ਗਿਣਤੀ ਭੁੱਲਣ ਲੱਗ ਪਈ ਸੀ। ਇਨੀਆਂ ਲਾਸ਼ਾਂ ਹੁਣ ਕੌਣ ਗਿਣੇ। ਪਰ ਚਲੋ ਉਹ ਖੁਸ਼ ਸੀ।

ਖੇਤ, ਰੋਹੀਆਂ, ਨਹਿਰਾਂ, ਸਿਵੇ ਅਤੇ ਦਰਿਆ ਮੇਰੀ ਲਾਸ਼ ਦੀ ਗਵਾਹੀ ਭੁੱਬਾਂ ਮਾਰ ਮਾਰ ਦੇ ਰਹੇ ਹਨ, ਪਰ ਆਜ਼ਾਦੀ ਅੱਜ ਜਸ਼ਨ ਮਨਾ ਰਹੀ ਹੈ। ਆਜ਼ਾਦੀ ਅੱਜ ਝੰਡੇ ਲਹਿਰਾ ਰਹੀ ਹੈ। ਆਜ਼ਾਦੀ ਅੱਜ ਖੁਸ਼ ਹੈ ਕਿਉਂਕਿ 15 ਅੱਗਸਤ ਹੈ ਨਾ! ਖੁਸ਼ ਤਾਂ ਹੋਵੇਗੀ ਹੀ! ਨਹੀਂ?

**-ਗੁਰਦੇਵ ਸਿੰਘ ਸੱਧੇਵਾਲੀਆ**

# ਦੂਰਅੰਦੇਸ਼ ਕੁੱਕੜ

ਪਿਛਲੇ ਮਹੀਨੇ ਅਸੀਂ ਫਾਰਮ ਵਿਚ 8-10 ਕੁਕੜੀਆਂ ਲਿਆ ਰਖੀਆਂ ਕਿ ਚਲੋ ਔਰਗਾਨਿਕ ਅੰਡੇ ਹੀ ਸਹੀਂ ਘਰ ਦੇ, ਪਰ ਫਿਰ ਸੋਚਿਆ ਕਿ ਕੁਕੜ ਵੀ ਚਾਹੀਦਾ ਸਵੇਰੇ ਸਵੇਰ ਬਾਗਾਂ ਸੁਣਨ ਦਾ ਵੀ ਅਪਣਾ ਈ ਲੁਤਫ ਐ।ਜਦ ਇਧਰ ਸਾਡੇ ਵਾਲੇ ਕੁਕੜ ਨੇ ਧੁਰ ਉਪਰਲੀ 'ਸਾ' ਵਿਚ ਬਾਗਾਂ ਛਡੀਆਂ ਤਾਂ ਵਾਲ ਵਾਲੀ ਗੁਆਂਢਣ ਗੋਰੀ ਦੇ ਕੁਕੜ ਨੇ ਵੀ ਕੰਨ ਚੁਕ ਲਏ ਅਤੇ ਓਹ ਫੈਂਸ ਦੇ ਹੇਠੋਂ ਲੰਘ ਕੇ ਸਹਿਜੇ ਸਹਿਜੇ ਇਧਰ ਪੈਰ ਧਰਾਵਾ ਕਰਦਾ ਕਰਦਾ ਪਕਾ ਈ ਕਬਜਾ ਜਮਾ ਬੈਠਾ। ਅਸੀਂ ਬਥੇਰੀ ਵਾਰੀ ਭਜਾਇਆ ਅਤੇ ਫੜਕੇ ਬਾਰਡਰ ਪਾਰ ਵੀ ਕਰਾਇਆ ਪਰ ਮੋਦੀ ਦੇ ਨਵੇ ਪਾਏ ਕੋਟ ਤਰਾਂ ਓਹ ਹੋਰ ਛਾਤੀ ਫੁਲਾ ਬੈਠਾ ਕਿ ਨਹੀ ਜਾਣਾ।ਇਕ ਦਿਨ ਦੀ ਗਲ ਹੈ ਮੈਂ ਅਪਣਾ ਪਹਿਲਾ ਕੁਕੜ ਲਭੀ ਜਾਵਾਂ ਕਿ ਕਿਧਰ ਗਾਇਬ ਹੋ ਗਿਆ ਜਾਂ ਉਡ ਗਿਆ ਪਰ ਲਭਦੇ ਲਭਦੇ ਜਦ ਦੇਖਿਆ ਤਾਂ ਓਹ ਇਕ ਬਕਸੇ ਓਹਲੇ ਦੂਰਅੰਦੇਸ਼ ਹੋਇਆ ਬੈਠਾ ਸੀ। ਉਸ ਦੀ ਤਰਸਜੋਗ ਹਾਲਤ ਦੇਖ ਮੈਨੂੰ ਗੁਆਂਢਣ ਦੇ ਕੁਕੜ ਵਿਚੋਂ ਸਾਖਯਾਤ ਧੁੰਮੇ ਦੇ ਦਰਸ਼ਨ ਹੋਣ ਲਗੇ ਜਿਹੜਾ ਦੂਰਅੰਦੇਸ਼ ਕੁਕੜ ਦੇ ਘਰ ਅਤੇ ਕੁਕੜੀਆਂ ਦੋਹਾਂ ਉਪਰ ਕਬਜਾ ਕਰਕੇ ਟੌਹਰ ਨਾਲ ਟਹਿਲਦਾ ਫਿਰ ਰਿਹਾ ਸੀ।ਅਤੇ ਬਾਅਦ ਵਿਚ ਦੇਕ ਕੇ ਜਦ ਕਾਰਨ ਲਭਾ ਅਤੇ ਦੇਖਣ ਤੇ ਪਤਾ ਲਗਾ ਕਿ ਗੁਆਂਢਣ ਦਾ ਕੁਕੜ ਉਸ ਦੀ ਰੋਜ ਛਬੀਲ ਲਾਈ ਰਖਦਾ ਸੀ ਅਤੇ ਸਾਡੇ ਵਾਲਾ ਦੂਰਅੰਦੇਸ਼ੀ ਤੋਂ ਕੰਮ ਲੈਂਦਾ ਇਧਰ ਉਧਰ ਦੜਿਆ ਹੋਇਆ ਸ਼ਾਂਤੀ ਪੜ ਰਿਹਾ ਹੁੰਦਾ ਸੀ।ਛੋਟੇ ਕੀੜੇ ਤੋਂ ਲੈ ਕੇ ਮਨੁਖਾਂ ਅਤੇ ਮੁਲਖਾਂ ਤੀਕ ਤਾਕਤ ਦਾ ਰਾਜ ਐ। ਜਿਸ ਕੋਲੇ ਤਾਕਤ ਓਹ ਵਾਯਾਤ ਵੀ ਪਤਵੰਤਾ ਪਰ ਜਿਸ ਕੋਲੇ ਨਹੀ ਓਹ ਅਕਲਾਂ ਦੇ ਚਾਹੇ ਗਡੇ ਲਦੀ ਫਿਰੇ ਕੋਈ ਨਹੀ ਪੁਛਦਾ। ਯੂਨੀਵਰਸਿਟੀਆਂ ਵਿਚ ਉਮਰਾਂ ਗਾਲਣ ਵਾਲੇ ਅਕਲਾਂ ਦੇ ਕੋਟ ਚਾਹ ਵੇਚਣ ਵਾਲੇ ਮੋਦੀ ਵਰਗੇ ਅਗੇ ਕੀੜਿਆਂ ਤਰਾਂ ਭੌਂਦੇ ਦੇਖੇ ਜਾ ਸਕਦਾ ਨੇ।ਮੇਰੇ ਵਾਲਾ ਤਿਤਰ ਮਿਤਰਾ ਕੁਕੜ ਦੇਖਣ ਨੂੰ ਸੋਹਣਾ ਅਤੇ ਪਲਿਆ ਹੋਇਆ ਪਰ ਅੰਦਰੋਂ ਤਾਕਤ ਖੋਹ ਚੁਕਾ ਹੋਇਆ ਅਤੇ ਨਤੀਜਾ ਇਹ ਕਿ ਖੁਦ ਦੇ ਹੀ ਘਰ ਵਿਚ ਬੇਘਰਾ ਹੋਇਆ ਲੁਕ ਰਿਹਾ ਸੀ।ਅਕਲਾਂ ਦੀ ਤਾਕਤ ਦੇ ਨਾਲ ਹਥਿਆਰ ਦੀ ਤਾਕਤ ਦਾ ਹੋਣਾ ਜਰੂਰੀ ਅਤੇ ਯਾਦ ਰਖਣਾ ਹਥਿਆਰ ਹੌਸਲਿਆ ਨਾਲ ਚਲਦੇ ਨਹੀ ਤਾਂ ਮੇਰੇ ਵਾਲੇ ਕੁਕੜ ਤਰਾਂ ਦੂਰਅੰਦੇਸ਼ ਹੀ ਹੋਣਾ ਪੈਂਦਾ। ਨਹੀ?

**ਗੁਰਦੇਵ ਸਿੰਘ ਸੱਧੇਵਾਲੀਆ**

# ਗਡਕਰੀ ਤੇ ਚੌਹਾਨ ਭਾਜਪਾ ਸੰਸਦੀ ਬੋਰਡ ਤੇ ਚੋਣ ਕਮੇਟੀ 'ਚੋਂ ਬਾਹਰ

ਨਵੀਂ ਦਿੱਲੀ : ਭਾਜਪਾ ਨੇ ਬੁੱਧਵਾਰ ਆਪਣੀ ਟਾਪ ਦੀਆਂ ਫੈਸਲੇ ਲੈਣ ਵਾਲੀਆਂ ਬਾਡੀਆਂ ਸੰਸਦੀ ਬੋਰਡ ਤੇ ਕੇਂਦਰੀ ਚੋਣ ਕਮਿਸ਼ਨ ਕਮੇਟੀ ਦਾ ਪੁਨਰਗਠਨ ਕੀਤਾ। ਸੀਨੀਅਰ ਆਗੂ ਤੇ ਕੇਂਦਰੀ ਮੰਤਰੀ ਨਿਤਿਨ ਗਡਕਰੀ, ਜਿਹੜੇ ਪਾਰਟੀ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ 11 ਮੈਂਬਰੀ ਬੋਰਡ ਤੇ 15 ਮੈਂਬਰੀ ਕਮੇਟੀ ਵਿਚੋਂ ਬਾਹਰ ਕਰ ਦਿੱਤਾ ਗਿਆ ਹੈ। ਸਾਬਕਾ ਆਈ ਪੀ ਐੱਸ ਅਫਸਰ ਇਕਬਾਲ ਸਿੰਘ ਲਾਲਪੁਰਾ, ਜਿਹੜੇ 2012 ਵਿਚ ਭਾਜਪਾ 'ਚ ਸ਼ਾਮਲ ਹੋਏ ਸਨ ਤੇ ਇਸ ਵੇਲੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਹਨ, ਨੂੰ ਦੋਹਾਂ ਅਹਿਮ ਕਮੇਟੀਆਂ ਵਿਚ ਪਾਇਆ ਗਿਆ ਹੈ।ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਬੀ ਐੱਸ ਯੇਦੀਯੁਰੱਪਾ ਤੇ ਆਸਾਮ ਦੇ ਸਾਬਕਾ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ ਨੂੰ ਵੀ ਦੋਵਾਂ ਬਾਡੀਆਂ ਵਿਚ ਸ਼ਾਮਲ ਕੀਤਾ ਗਿਆ ਹੈ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

ਦੇਗ ਤੇਗ ਫ਼ਤਿਹ — **AKALI SINGH SIKH SOCIETY** — ਪੰਥ ਕੀ ਜੀਤ

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

18 ਅਗਸਤ, ਦਿਨ ਵੀਰਵਾਰ......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
18 ਅਗਸਤ, ਦਿਨ ਵੀਰਵਾਰ......ਬਾਅਦ ਦੁਪਹਿਰ 1:30 ਵਜੇ ਸਵ. ਬੀਬੀ ਨਰਿੰਦਰ ਕੌਰ ਸੋਡੀ ਦੀ ਆਤਮਿਕ ਸ਼ਾਂਤੀ ਲਈ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
19 ਅਗਸਤ, ਦਿਨ ਸ਼ੁੱਕਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
20 ਅਗਸਤ, ਦਿਨ ਸ਼ੁੱਕਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
20 ਅਗਸਤ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਬੀਬੀ ਕਸ਼ਮੀਰ ਕੌਰ ਰਾਏ ਅਤੇ ਨੰਬਰ ਦੋ ਦਰਬਾਰ ਹਾਲ ਵਿਚ ਬੀਬੀ ਸੰਤੋਖ ਕੌਰ ਬੜੈਚ ਅਤੇ ਪਰਿਵਾਰ ਵਲੋਂ ਲੰਗਰ ਦੀ ਸੇਵਾ ਹੋਵੇਗੀ।
21 ਅਗਸਤ, ਦਿਨ ਐਤਵਾਰ......ਸਵੇਰ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਪੂਰਨ ਸਿੰਘ ਰੰਧਾਵਾ ਅਤੇ ਪਰਿਵਾਰ ਵਲੋਂ ਹੋਵੇਗੀ।
21 ਅਗਸਤ, ਦਿਨ ਐਤਵਾਰ......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।
25 ਅਗਸਤ, ਦਿਨ ਵੀਰਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
26 ਅਗਸਤ, ਦਿਨ ਸ਼ੁੱਕਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
27 ਅਗਸਤ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
28 ਅਗਸਤ, ਦਿਨ ਐਤਵਾਰ......ਸਵੇਰ ਨੂੰ ਲੰਗਰ ਦੀ ਸੇਵਾ ਭਾਈ ਹਰਬੰਸ ਸਿੰਘ ਦੱਟ ਅਤੇ ਪਰਿਵਾਰ ਵਲੋਂ ਹੋਵੇਗੀ।
28 ਅਗਸਤ, ਦਿਨ ਐਤਵਾਰ......ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਭਾਈ ਜਸਕੀਰਤ ਸਿੰਘ ਲਿੱਧੜ ਅਤੇ ਪਰਿਵਾਰ ਤੇ ਨੰਬਰ 2 ਦਰਬਾਰ ਹਾਲ ਵਿਚ ਭਾਈ ਗੁਰਿੰਦਰ ਸਿੰਘ ਦਿਓ ਅਤੇ ਪਰਿਵਾਰ ਵਲੋਂ ਲੰਗਰ ਦੀ ਸੇਵਾ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਕਾਵਿ ਕਿਆਰੀ



## ਵਿਸ਼ਵ ਗੁਰੂ ਬਣ ਚੁੱਕੇ ਦੇਸ਼ ਵਿਚ...

**ਅਨੁਸੂਚਿਤ ਜਾਤੀ ਲੋਕਾਂ ਨਾਲ ਅੱਜ ਵੀ ਵਿਤਕਰਾ ਹੋ ਰਿਹਾ ਹੈ। ਰਾਜਸਥਾਨ ਦੇ ਜਲੌਰ ਖੇਤਰ ਦੇ ਸਰਕਾਰੀ ਸਕੂਲ ਵਿੱਚ ਪੜਦੇ 8 ਸਾਲਾ ਮਾਸੂਮ ਨੂੰ ਮਾਸਟਰ ਲਈ ਵੱਖਰੇ ਤੌਰ 'ਤੇ ਰੱਖੇ ਘੜੇ ਵਿੱਚੋਂ ਪਾਣੀ ਪੀਣ ਦਾ ਖਮਿਆਜ਼ਾ ਆਪਣੀ ਜਾਨ ਗਵਾ ਕੇ ਭੁਗਤਣਾ ਪਿਆ ਹੈ। ਮਾਸੂਮ ਨੂੰ ਕੋਹ ਕੋਹ ਕੇ ਮਾਰਿਆ ਗਿਆ "**

"ਜਿਉਂਦਾ ਹੈ ਏਕਲਵਿਆ ਅੱਜ ਵੀ,
ਸਕੂਲਾਂ ਵਿੱਚ ਸਾਂਝੀ ਟੂਟੀ ਤੋਂ
ਪਾਣੀ ਦੇ ਤੁਪਕੇ ਲਈ ਹਾੜੇ ਕੱਢਦਾ,
ਅੱਧੀ ਛੁੱਟੀ ਹੋਣ ਤੇ, ਖਾਣਾ ਖਾਣ ਲਈ
ਵੱਡੇ ਘਰਾਂ ਦੇ ਸਹਿਪਾਠੀਆਂ ਦੀ
ਕਤਾਰ ਵਿੱਚ ਬੈਠਣ ਲਈ ਘੁੱਲਦਾ,
ਨੀਵੀਂ ਜਾਤ ਵਿੱਚ ਜੰਮਣ ਦਾ ਬੋਝ ਢੋਂਦਾ ,
ਤਾਹਨੇ ਮਿਹਣੇ ਸੁਣਦਾ,
ਪਰ ਉਸਨੂ ਨਹੀ ਪਤਾ ਕਿ
ਚੰਦਰਯਾਨ ਬਨਾਉਣ ਵਾਲੇ,
ਵਿਸ਼ਵ ਗੁਰੂ ਬਣ ਚੁੱਕੇ ਉਸਦੇ ਦੇਸ਼ ਵਿੱਚ
ਮਰਿਆ ਦਰੋਣਾ ਵੀ ਨਹੀਂ
ਜੋ ਅੱਜ ਵੀ ਕਾਹਲਾ ਹੈ ਉਸਦਾ ਅੰਗੂਠਾ ਖੋਣ ਲਈ,
ਕਿਉਕਿ ਉਸਨੂ ਡਰ ਹੈ ਕਿ ਕਿਧਰੇ
ਉਸਦਾ ਇਹ ਸ਼ਗਿਰਦ ਉਸਦੇ ਲਾਡਲਿਆਂ,
ਅਤੇ ਉਸਦੇ ਅੰਨਦਾਤਿਆਂ ਨੂੰ
ਪਿੱਛੇ ਨਾ ਛੱਡ ਜਾਵੇ...."

**ਗੁਰਪ੍ਰੀਤ ਸਿੰਘ**

## ਕਵਿਤਾ

ਅੰਨ ਦਾਤਾ ਢਿੱਡ ਭਰਦਾ ਸਭਦਾ ,
ਆਪ ਭੁੱਖਾ ਰਹਿ ਜਾਵੇ।
ਜੱਟ ਦੀ ਖੇਤੀ ਖੂਹ ਦੀ ਮਿੱਟੀ ,
ਖੂਹ ਵਿੱਚ ਹੀ ਪੈ ਜਾਵੇ ।
ਪੋਹ ਮਾਘ ਦੀਆ ਰਾਤਾਂ ,
ਦੇ ਵਿੱਚ ਫਿਰੇ ਮੋੜਦਾ ਨੱਕੇ।
ਜੇਠ ਹਾੜ ਦੀਆ ਧੁੱਪਾਂ ,
ਦੇ ਵਿੱਚ ਜਦ ਰੂੜੀ ਨੂੰ ਚੱਕੇ।
ਗਰਮੀ ਤੇ ਸਰਦੀ ਦਾ ਬਈ,
ਜੱਟ ਖ਼ੌਫ਼ ਰਤਾ ਨਾ ਖਾਵੇ।
ਜੱਟ ਦੀ ਖੇਤੀ ......
ਮਹਿੰਗੇ ਮੁੱਲ ਦੇ ਤੇਲ,
ਬੀਜ ਨੇ ਮੱਤ ਜੱਟ ਦੀ ਮਾਰੀ।
ਦੋਵੇਂ ਹੱਥੀ ਲੁੱਟੀ ਜਾਂਦਾ ,
ਸਭ ਸਿਸਟਮ ਸਰਕਾਰੀ।
ਹੁੰਦਾ ਏ ਰੱਬ ਰਾਖਾ ਬਈ ,
ਜਦ ਵਾੜ ਖੇਤ ਨੂੰ ਖਾਵੇ।
ਜੱਟ ਦੀ ਖੇਤੀ ................
ਕਦੇ ਡੋਬੇ ਦਾ ਕਦੋਂ ਸੋਕੇ ਦਾ,
ਡਰ ਸਤਾਉਂਦਾ ਰਹਿੰਦਾ ।
ਰੱਬ ਸਬੱਬੀ ਪੂਰਾ ਹੋਵੇ,
ਅਕਸਰ ਘਾਟਾ ਪੈਦਾ ।
ਖੇਤੀ ਕਰਮਾ ਸੇਤੀ ਹੁੰਦੀ ,
ਕੰਹਿ ਕੇ ਸ਼ੁੱਕਰ ਮਨਾਵੇ।
ਜੱਟ ਦੀ ਖੇਤੀ ................
ਜੱਟ ਦੇ ਸਿਰ ਤੇ ਵਿਹਲੜ ,
ਲੋਕੀ ਕਰਦੇ ਮੌਜ ਬਹਾਰਾਂ ।
ਦੇਖੀ ਜਾਂਦਾ ਮੂੰਹ ਵੱਲ ਬੇਬਸ,
ਚੁਣ ਹੱਥੀ ਸਰਕਾਰਾਂ।
ਕੋਈ ਨੀ ਸੁਣਦਾ ਦੁਖੜੇ ,
ਸਿੱਧੂ ਕੀਹਨੂੰ ਦਰਦ ਸੁਣਾਵੇ ।
ਜੱਟ ਦੀ ਖੇਤੀ ..........,,

**ਬਲਦੇਵ ਸਿੰਘ ਸਿੱਧੂ ਕਲਾਲਾ ।**

## ਕਵਿਤਾ

ਘਰ ਦੇ ਸਾਰੇ ਕੰਮ ਨਿਪਟਾ ਕੇ ,
ਤੁਰ ਪੈਂਦੀ ਜਦ ਘੜਾ ਉਠਾ ਕੇ।
ਪੂਰੀ ਟੌਰ ਸ਼ੁਕੀਨੀ ਲਾਕੇ ,
ਬਣ ਜਾਂਦੀ ਪਟਰਾਣੀ ,
ਤੂੰ ਸੋਹਣੀ ਲੱਗਦੀ ਸ਼ਾਮ ਕੁਰੇ ,
ਜਦ ਖੂਹ ਤੋਂ ਭਰਦੀ ਪਾਣੀ।
ਠੋਡੀ ਉੱਤੇ ਤਿੱਲ ਨੀ ਤੇਰੇ,
ਬੜਾ ਹੀ ਸੋਹਣਾ ਲੱਗਦਾ।
ਨੈਣ ਨਸ਼ੀਲੇ ਝੀਲਾਂ ਜਿਹੇ ,
ਮੁੱਖ ਵਾਂਗ ਚੰਦਰਮਾ ਦੱਗਦਾ।
ਸਾਰੇ ਪਿੰਡ ਵਿੱਚ ਹੋਰ ਨਾ ਕੋਈ ,
ਤੇਰੇ ਜਿਹੀ ਜਰਵਾਣੀ ,
ਤੂੰ ਸੋਹਣੀ ਲੱਗਦੀ ............
ਹੁਸਨ ਤੇਰੇ ਦੀ ਚਰਚਾ ਛਿੜ ਪਈ ,
ਪਿੰਡ ਵਿੱਚ ਚਾਰ ਚੁਫੇਰੇ ।
ਹੱਟੀ ਭੱਠੀ ਖੂਹ ਦਰਵਾਜ਼ੇ ,
ਹਰ ਥਾਂ ਚਰਚੇ ਤੇਰੇ।
ਸਿਫ਼ਤਾਂ ਕਰਦੇ ਲੋਕੀ ਕਹਿੰਦੇ ,
ਤੂੰ ਬੜੀ ਸੁਘੜ ਸਿਆਣੀ।
ਤੂੰ ਸੋਹਣੀ ਲੱਗਦੀ ............
ਮਿੱਠੀਆਂ ਨਿੱਠੀਆ ਗੱਲਾ ਕਰਦੀ,
ਬੋਲੇ ਨਾਲ ਸਲੀਕੇ।
ਸਾਰੇ ਘਰ ਦੇ ਕੰਮ ਧੰਦਿਆਂ ਨੂੰ ,
ਕਰਦੀ ਨਾਲ ਤਰੀਕੇ ।
ਏਸੇ ਗੱਲ ਤੋਂ ਖੁਦ ਮੁਖਤਿਆਰੀ ,
ਆਪੇ ਜਾਏ ਪਛਾਣੀ ,
ਤੂੰ ਸੋਹਣੀ ਲੱਗਦੀ .........
'ਸਿੱਧੂ ' ਕਲਾਲੇ ਵਾਲੇ ਦੇ ,
ਘਰ ਜਦ ਦੀ ਬੱਲੀਏ ਆਈ।
ਹਰ ਪਾਸੇ ਹੋਣੀਆਂ ਪੌ ਬਾਰਾ,
ਹੋ ਗਈ ਫੁੱਲ ਚੜਾਈ।
ਤੇਰੇ ਸਿਰ ਤੇ ਮੌਜਾ ਕਰਦਾ ,
ਗੱਲ ਨੂੰ ਝੂਠ ਨਾ ਜਾਣੀ,
ਤੂੰ ਸੋਹਣੀ ਲੱਗਦੀ....।

**ਬਲਦੇਵ ਸਿੰਘ ਸਿੱਧੂ**

## .ਗ਼ਜ਼ਲ

ਲਹਿਰਾਂ ਲੈਣ ਹੁਲਾਰੇ ਬਾਬਾ ਬੱਚ ਕੇ।
ਟੁਟਦੇ ਜਾਣ ਕਿਨਾਰੇ ਬਾਬਾ ਬੱਚ ਕੇ।
ਭੁੱਲ ਭੁਲੇਖੇ ਹੱਥ ਨਾ ਕਿਧਰੇ ਲਾ ਬੈਠੀਂ,
ਕੱਖਾਂ ਵਿੱਚ ਸ਼ਰਾਰੇ ਬਾਬਾ ਬੱਚ ਕੇ।
ਐਵੇਂ ਡੂੰਘੇ ਪਾਣੀ ਹੁਣ ਨਾ ਤਰਿਆ ਕਰ,
ਦਿੰਦਾ ਕੌਣ ਸਹਾਰੇ ਬਾਬਾ ਬੱਚ ਕੇ।
ਕਾਲੀ ਚੁੰਨੀ ਦੇ ਵਿੱਚ ਉਡਦੇ ਜਾਂਦੇ ਨੇ,
ਸੂਰਜ ਚੰਨ ਸਿਤਾਰੇ ਬਾਬਾ ਬੱਚ ਕੇ।
ਏਨੀਂ ਜ਼ਿਦ ਨਾ ਕਰ ਇੰਝ ਹੋ ਸਕਦਾ ਨਈਂ,
ਪੱਥਰ ਕੌਣ ਨਿਤਾਰੇ ਬਾਬਾ ਬੱਚ ਕੇ।
ਸੁੰਦਰਤਾ ਦੇ ਕਿੰਨੇ ਰੰਗ ਨਿਰਾਲੇ ਨੇ,
ਸੱਪਣੀ ਕੁੰਜ ਉਤਾਰੇ ਬਾਬਾ ਬੱਚ ਕੇ।
ਖੁਸ਼ਬੂਆਂ ਦੀ ਆਫ਼ਤ ਆਵਣ ਵਾਲੀ ਏ,
ਮੌਸਮ ਜ਼ੁਲਫ਼ ਸੰਵਾਰੇ ਬਾਬਾ ਬੱਚ ਕੇ।
ਪੋਟੇ ਜ਼ਖ਼ਮੀ ਹੋ ਜਾਵਣਗੇ ਵੇਖ ਲਵੀਂ,
ਤੋੜੀਂ ਫੁੱਲ ਪਿਆਰੇ ਬਾਬਾ ਬੱਚ ਕੇ।
ਨੀਝ ਲਗਾਕੇ ਝਾਕ ਨਾ ਐਵੇਂ ਵਰਮੀ ਵਿਚ,
ਸੱਪਣੀ ਦੇ ਫੁੰਕਾਰੇ ਬਾਬਾ ਬੱਚ ਕੇ।
ਚਿੱਟੇ ਰੰਗ ਦੀ ਬਰਫ਼ ਚ ਧੋਖੇ ਹੁੰਦੇ ਨੇ,
ਪਰਬਤ ਦੇਣ ਨਜ਼ਾਰੇ ਬਾਬਾ ਬੱਚ ਕੇ।
ਗ਼ਜ਼ਲ ਸੁਣਾ ਕੇ ਸਭ ਕੁੱਝ ਹੀ ਲੁੱਟ ਲੈਂਦੇ ਨੇ,
ਬਾਲਮ, ਦੇ ਵਣਜਾਰੇ ਬਾਬਾ ਬੱਚ ਕੇ।

**ਬਲਵਿੰਦਰ ਬਾਲਮ**


ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ
ਪੰਜਾਬ ਸਵੀਟ ਹਾਊਸ
ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।
ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।
WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE

ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ
2 Locations to Serve you
#4-12818-72 Ave., Surrey, BC
604-591-7611
#8A-31205 Old Yale Rd., Abbotsford, BC
604-504-1761



Expert Advice, Consultation & Representation in all your legal matters

FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA
LAWYER AND NOTARY PUBLIC
778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com




**4 ਸਤੰਬਰ ਦਿਨ ਐਤਵਾਰ ਨੂੰ**
**ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 418ਵੇਂ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ**

**ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਐਬਟਸਫੋਰਡ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਨਗਰ ਕੀਰਤਨ ਸਜਾਏ ਜਾਣਗੇ ਅਤੇ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਸ਼ਾਮ ਨੂੰ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਵੱਖ ਵੱਖ ਜੱਥੇ ਕਥਾ, ਕੀਰਤਨ ਅਤੇ ਢਾਢੀ ਵਾਰਾਂ ਨਾਲ ਨਿਹਾਲ ਕਰਨਗੇ।**

**ਸਮੂਹ ਸੰਗਤਾਂ ਨੂੰ ਬੇਨਤੀ ਹੈ ਜੀ ਵੱਧ ਵੱਧ ਤੋਂ ਹਾਜ਼ਰੀਆਂ ਭਰਕੇ ਲਾਹਾ ਪ੍ਰਾਪਤ ਕਰੋ ਜੀ**

ਨੋਟ: 3 ਸਤੰਬਰ, ਦਿਨ ਸ਼ਨੀਵਾਰ ਨੂੰ ਸਵੇਰੇ 8 ਵਜੇ ਗੁਰਦਆਰਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋਣਗੇ ਜੀ ਸਮੂਹ ਅੰਮ੍ਰਿਤ ਅਭਿਲਾਸ਼ੀ ਆਪਣੇ ਨਾਮ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘਾਂ ਪਾਸ ਦਰਜ ਕਰਵਾਉਣ ਜੀ

## ਨਗਰ ਕੀਰਤਨ ਸਬੰਧੀ ਵਿਸ਼ੇਸ਼ ਬੇਨਤੀਆਂ

- ਵਲੰਟੀਅਰ ਸੇਵਾ ਲਈ ਆਪਣੇ ਨਾਮ ਗੁਰਦੁਆਰਾ ਸਾਹਿਬ ਦਰਜ ਕਰਵਾਉ ਜੀ
- ਸਿਰ ਢੱਕਣ ਵਾਲੇ ਰੁਮਾਲਾਂ ਦੀ ਸੇਵਾ
- ਲੰਗਰ ਵਿੱਚ ਸੁਕੀਆਂ ਰਸਦਾਂ ਦੀ ਸੇਵਾ
- ਡਿਸਪੋਸੇਬਲ ਪਲੇਟਾਂ, ਗਲਾਸ, ਚਮਚੇ ਦੀ ਸੇਵਾ
- ਲੋਕਲ ਸੰਗਤਾਂ ਨੂੰ ਬੇਨਤੀ ਹੈ ਜੀ ਨਗਰ ਕੀਰਤਨ ਵਾਲੇ ਦਿਨ ਆਪਣੀਆਂ ਗੱਡੀਆਂ ਘਰ ਵਿੱਚ ਪਾਰਕ ਕਰੋ ਜੀ ਤਾਂ ਜੋ ਬਾਹਰੋਂ ਆਉਣ ਵਾਲੀ ਸੰਗਤ ਨੂੰ ਗੱਡੀ ਪਾਰਕ ਕਰਨ ਦੀ ਸਹੂਲਤ ਹੋਵੇ।

# ਇਸ ਸਾਲ ਨਗਰ ਕੀਰਤਨ ਦਾ ਇਹ ਰੂਟ ਹੋਵੇਗਾ ਜੀ

## NOTICE OF ROAD CLOSURES

FOR NAGAR KIRTAN PROCESSION
SUNDAY, September 4, 2022 9:00AM - 5:00PM

Please use alternate routes to and from the Procession Area during this time. Please refer to map for exact route.

Blueridge Drive
Townline Road
Southern Drive
Sandpiper Drive
Goldfinch Drive

Cars parked in designated no-parking zones, on sidewalks, cul-de-sacs, boulevards, in front of or within 1.5m of a driveway, within 5m of a fire hydrant, or in contravention of the City's Street and Traffic Bylaw (Bylaw No.1536-2006), may be ticketed and/or towed at the owner's expense.


Please be advised that during the event, bus service in the area will be disrupted. A map of scheduled bus re-routing is available through the Central Fraser Valley Transit website at www.bctransit.com/central-fraser-valley

Road closures are in effect from 9:00am-5:00pm, however are expected to be about 2 hours for specific locations.

Please follow signs, obey traffic control in the area and respect private property along the procession route.

Thank you for your patience and cooperation.

ਨਗਰ ਕੀਰਤਨ ਪ੍ਰੋਸੈਸ਼ਨ ਰੂਟ
**PROCESSION ROUTE**




| ਹੋਰ ਜਾਣਕਾਰੀ ਲਈ ਸੰਪਰਕ ਨੰਬਰ: | ਗੁਰਦੁਆਰਾ ਸਾਹਿਬ | ਬਲਬੀਰ ਸਿੰਘ ਬਨਵੈਤ(ਪ੍ਰਧਾਨ) | ਮਨਜੀਤ ਸਿੰਘ ਗਰੇਵਾਲ (ਸਕੱਤਰ) | ਜਸਪਾਲ ਸਿੰਘ ਗਿੱਲ (ਰਿਕਾਰਡਿੰਗ ਸਕੱਤਰ) |
|---|---|---|---|---|
| | 604 504 5530 | 778 636 4247 | 778 908 1570 | 604 856 1131 |


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ



# Dev Bros

## Custom Tailoring

'ਦੇਵ ਬ੍ਰਦਰਜ' ਕੋਟਕਪੂਰਾ ਵਾਲਿਆਂ ਦਾ
ਨਵਾਂ ਸਟੋਰ ਹੁਣ ਐਬਟਸਫੋਰਡ 'ਚ

**We Specialize In**

*Men's & Women's Clothing *Custom Tailoring,
*Source of Bridal Wear *Party Dresses,
*Punjabi Suits For Fashion Freaks

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ
ਹੁਣ ਨਵੀਂ ਲੁਕੇਸ਼ਨ ਤੇ ਮੂਵ ਹੋ ਚੁੱਕੇ ਹਨ

**Phone:604-880-8434**

Shifted to New Location
#117, 1779 Clearbook Road, Abbotsford

# PEACE FURNITURE

For The Peace Of Your Mind



ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca Web:www.peacefurniture.ca